## ਅਧਿਆਇ 7

# ਯਰੂਸ਼ਲਮ ਦੀ ਸੁਰੱਖਿਆ ਅਤੇ ਫੇਰ ਤੋਂ ਵੱਸੋਂ

ਨਹਮਯਾਹ 445 ਈ.ਪੂ. ਵਿਚ ਸ਼ਹਿਰ ਦੀ ਬਹਾਲੀ ਲਈ ਮਦਦ ਕਰਨ ਆਇਆ ਸੀ। ਕੰਧ ਦੀ ਉਸਾਰੀ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ ਉਸ ਨੇ ਸ਼ਹਿਰ ਦੀ ਸੁਰੱਖਿਆ ਮੁਹੱਈਆ ਕਰਵਾਈ। ਯਹੂਦਾਹ ਦਾ ਹਾਕਮ ਹੋਣ ਦੇ ਨਾਤੇ (5:14), ਉਹਨੇ ਪਹਿਲਾਂ ਇਹ ਯਕੀਨੀ ਬਣਾਇਆ ਕਿ ਯਰੂਸ਼ਲਮ ਦੀ ਸੁਰੱਖਿਆ ਬਰਕਰਾਰ ਰਹੇ। ਦੂਜਾ, ਉਸ ਨੇ ਵਫ਼ਾਦਾਰ ਯਹੂਦੀਆਂ ਨਾਲ ਸ਼ਹਿਰ ਨੂੰ ਫੇਰ ਤੋਂ ਵਸਾਉਣ ਦਾ ਇਰਾਦਾ ਕੀਤਾ। ਇਸ ਮਕਸਦ ਲਈ ਉਸ ਨੇ ਲੋਕਾਂ ਦੀ ਮਰਦਮਸ਼ੁਮਾਰੀ ਕਰਵਾਈ। ਉਸ ਨੂੰ ਉਨ੍ਹਾਂ ਲੋਕਾਂ ਦੇ ਨਾਂਵਾਂ ਦਾ ਰਿਕਾਰਡ ਮਿਲਿਆ ਜਿਹੜੇ ਜ਼ਰੁੱਬਾਬਲ ਦੇ ਨਾਲ ਬਾਬਲ ਤੋਂ ਯਹੂਦਾਹ ਵਿਚ ਆਏ ਸਨ। ਇਸ ਰਿਕਾਰਡ ਨੂੰ ਜਿਹੜਾ ਅਜ਼ਰਾ 2 ਵਿਚ ਮਿਲਦਾ ਹੈ, ਨਹਮਯਾਹ ਨੇ ਵੀ 7:6–73 ਵਿਚ ਸ਼ਾਮਿਲ ਕੀਤਾ।

### ਸ਼ਹਿਰ ਦੀ ਸੁਰੱਖਿਆ ਦੇ ਇੰਤਜ਼ਾਮ ਕੀਤੇ ਗਏ (7:1-3)

**[1]ਤਾਂ ਐਉਂ ਹੋਇਆ ਜਦ ਕੰਧ ਬਣ ਗਈ ਅਤੇ ਮੈਂ ਬੂਹੇ ਜੜ ਦਿੱਤੇ ਅਤੇ ਦਰਬਾਨ, ਰਾਗੀ ਅਤੇ ਲੇਵੀ ਠਹਿਰਾ ਦਿੱਤੇ [2]ਤਦ ਮੈਂ ਆਪਣੇ ਭਰਾ ਹਨਾਨੀ ਨੂੰ ਅਤੇ ਸ਼ਾਹੀ ਮਹਿਲ ਦੇ ਸਰਦਾਰ ਹਨੱਨਯਾਹ ਨੂੰ ਯਰੂਸ਼ਲਮ ਉੱਤੇ ਹਾਕਮ ਬਣਾਇਆ ਕਿਉਂਕਿ ਉਹ ਬਹੁਤਿਆਂ ਵਿੱਚੋਂ ਨਿਹਚਾ ਵਾਲਾ ਅਤੇ ਪਰਮੇਸ਼ੁਰ ਤੋਂ ਡਰਨ ਵਾਲਾ ਮਨੁੱਖ ਸੀ [3]ਅਤੇ ਮੈਂ ਉਨ੍ਹਾਂ ਨੂੰ ਆਖਿਆ ਕਿ ਜਦ ਤਕ ਧੁੱਪ ਤਿੱਖੀ ਨਾ ਹੋ ਜਾਵੇ ਯਰੂਸ਼ਲਮ ਦੇ ਫਾਟਕ ਨਾ ਖੋਲ੍ਹੇ ਜਾਣ ਅਤੇ ਜਦ ਓਹ ਖੜੇ ਹੀ ਹੋਣ ਤਾਂ ਬੂਹੇ ਬੰਦ ਕੀਤੇ ਜਾਣ ਅਤੇ ਅਰਲ ਲਾਏ ਜਾਣ ਅਤੇ ਓਹ ਯਰੂਸ਼ਲਮ ਦੇ ਵਾਸੀਆਂ ਵਿੱਚੋਂ ਪਹਿਰੇਵਾਲੇ ਮੁਕੱਰਰ ਕਰਨ ਜਿਹੜੇ ਆਪੋ ਆਪਣੇ ਪਹਿਰੇ ਵਿਚ ਆਪਣਿਆਂ ਘਰਾਂ ਦੇ ਅੱਗੇ ਹੋਣ।**

**ਆਇਤ 1.** ਇਹ ਸੁਝਾਅ ਦਿੰਦੇ ਹੋਏ ਕਿ 6:17–19 ਵਿਚ ਟੋਬੀਯਾਹ ਦੀ ਸਾਜ਼ਸ਼ ਦਾ ਵਿਰਤਾਂਤ ਬਰੈਕਟਾਂ ਵਿਚਲਾ ਉਪਵਾਕ ਹੈ, 7:1 ਦੇ ਸ਼ੁਰੂਆਤੀ ਸ਼ਬਦ (**ਤਾਂ ਐਉਂ ਹੋਇਆ ਜਦ ਕੰਧ ਬਣ ਗਈ ਅਤੇ ਮੈਂ ਬੂਹੇ ਜੜ ਦਿੱਤੇ**) ਨਹਮਯਾਹ ਦੀਆਂ ਕਾਰਵਾਹੀਆਂ ਨੂੰ 6:15, 16 ਨਾਲ ਜੋੜਦੇ ਹਨ, ਵਿਰਤਾਂਤ ਦਾ ਇਹ ਹਿੱਸਾ ਪਾਠਕ ਨੂੰ ਬਾਅਦ ਵਿਚ ਉਸ ਦੇ ਹੈਕਲ ਵਿੱਚੋਂ ਕੱਢੇ ਜਾਣ ਦੇ ਹਵਾਲਿਆਂ ਲਈ ਤਿਆਰ ਕਰਨ ਲਈ ਹੋਵੇਗਾ (13:1–9)। ਇਹ ਹਵਾਲਾ ਅੱਗੇ ਦੱਸਦਾ ਹੈ ਕਿ ਨਹਮਯਾਹ ਨੇ ਇਹ ਵੇਖਣ ਲਈ ਕਿ ਸ਼ਹਿਰ ਦੇ ਲੋਕ ਕੰਧ ਦੇ ਪੂਰਾ ਹੋਣ ਤੋਂ ਬਾਅਦ ਸੁਰੱਖਿਅਤ ਰਹਿਣ, ਕੀ ਕੀਤਾ।

**ਠਹਿਰਾ ਦਿੱਤੇ** ਗਏ **ਦਰਬਾਨ** ਆਮ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਧਿਆਨ ਰੱਖਣ ਅਤੇ ਸ਼ਹਿਰ ਦੇ ਫਾਟਕਾਂ ਦੀ ਰਖਵਾਲੀ ਦੇ ਕੰਮ ਤੇ ਪੱਕੇ ਤੌਰ ਤੇ ਲਾ ਦਿੱਤਾ ਗਿਆ। ਇੱਥੇ **ਰਾਗੀ ਅਤੇ ਲੇਵੀ** ਸ਼ਹਿਰ ਦੇ ਫਾਟਕਾਂ ਦੀ ਰਵਖਾਲੀ ਦੀ ਮਦਦ ਲਈ ਆਰਜ਼ੀ ਤੌਰ ਤੇ ਲਾਏ ਗਏ ਸਨ। ਹੋਰ ਸੰਭਾਵਨਾ ਇਹ ਹੈ ਕਿ ''ਦਰਬਾਨ'' ਹੈਕਲ ਦੇ ਦਰਬਾਨਾਂ ਨੂੰ ਕਿਹਾ ਗਿਆ ਹੈ। ਜੇ ਇਹ ਸਹੀ ਹੈ ਤਾਂ ਉਨ੍ਹਾਂ ਨੂੰ ਸ਼ਹਿਰ

ਦੀ ਹਿਫ਼ਾਜ਼ਤ ਲਈ ਆਰਜ਼ੀ ਤੌਰ ਤੇ ''ਰਾਗੀਆਂ'' ਅਤੇ ''ਲੇਵੀਆਂ'' ਦੇ ਨਾਲ ਲਾਇਆ ਗਿਆ।[1]

''ਰਾਗੀਆਂ ਅਤੇ ਲੇਵੀਆਂ'' ਨੂੰ ਕਈ ਵਾਰ ਮੂਲ ਲਿਖਤ ਵਿਚ ਬਾਅਦ ਦੇ ਕਿਸੇ ਗ੍ਰੰਥੀ ਵੱਲੋਂ ਜੋੜਿਆ ਗਿਆ ਮੰਨਿਆ ਜਾਂਦਾ ਹੈ ਜਿਸ ਨੇ ਗਲਤੀ ਨਾਲ ਇਹ ਮੰਨ ਲਿਆ ਕਿ ''ਦਰਬਾਨਾਂ'' ਦੀ ਗੱਲ ਕੀਤੀ ਗਈ ਹੈ, ਇਸ ਕਰਕੇ ''ਰਾਗੀਆਂ'' ਅਤੇ ''ਲੇਵੀਆਂ'' ਦਾ ਜ਼ਿਕਰ ਵੀ ਹੋਣਾ ਚਾਹੀਦਾ ਹੈ ਕਿਉਂ ਜੋ ਹੋਰਨਾਂ ਥਾਂਵਾਂ ਤੇ ਇਹ ਆਮ ਤੌਰ ਤੇ ਇਹ ਤਿੰਨੇ ਸ਼ਬਦ ਇਕੱਠੇ ਮਿਲਦੇ ਹਨ। ਇਸ ਕਰਕੇ NEB ਅਤੇ REB ਵਿੱਚੋਂ ''ਰਾਗੀਆਂ'' ਅਤੇ ''ਲੇਵੀਆਂ'' ਨੂੰ ਕੱਢ ਦਿੱਤਾ ਗਿਆ ਹੈ। ਪਰ ਇਹ ਵਿਚਾਰ ਲਿਖਤ ਦੇ ਅਸਲ ਸਬੂਤ ਦੀ ਬਜਾਇ ਸਿਰਫ਼ ਅਨੁਮਾਨ ਉੱਤੇ ਅਧਾਰਿਤ ਹੈ।

**ਆਇਤ 2.** ਨਹਮਯਾਹ ਨੇ ਯਰੂਸ਼ਲਮ ਦੇ ਵਾਸੀਆਂ ਦੀ ਪੂਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦੋ ਜਣਿਆਂ ਨੂੰ **ਯਰੂਸ਼ਲਮ ਉੱਤੇ ਹਾਕਮ ਬਣਾਇਆ**। ਇਕ ਤਾਂ ਉਸਦਾ **ਭਰਾ ਹਨਾਨੀ** ਸੀ, ਜਿਹਨੇ ਯਿਰਮਿਯਾਹ ਨੂੰ ਉਸ ਦੇ ਸ਼ੂਸ਼ਨ ਵਿਚ ਰਹਿਣ ਦੌਰਾਨ ਯਰੂਸ਼ਲਮ ਦੀ ਦੁਰਦਸ਼ਾ ਦੀ ਖ਼ਬਰ ਦਿੱਤੀ ਸੀ (1:2)। ਇਸੇ ਨਾਂਅ ਵਾਲਾ ਦੂਜਾ ਬੰਦਾ **ਹਨੱਨਯਾਹ** ਸੀ ਜਿਹੜਾ **ਸ਼ਾਹੀ ਮਹਿਲ** ਦਾ **ਸਰਦਾਰ** ਸੀ। ''ਸ਼ਾਹੀ ਮਹਿਲ'' ਉਹ ਕਿਲ੍ਹਾ ਸੀ ਜਿਸ ਨੂੰ ਬਾਅਦ ਵਿਚ ਹੇਰੋਦੇਸ ਮਹਾਨ ਵੱਲੋਂ ਅੰਟੋਨੀਆ ਦਾ ਕਿਲ੍ਹਾ ਬਣਾ ਦਿੱਤਾ ਗਿਆ (2:7, 8 ਤੇ ਟਿੱਪਣੀਆਂ ਵੇਖੋ)।

ਇਹ ਆਇਤ ਇਕ ਜਣੇ ਦੀ ਗੱਲ ਕਰ ਰਹੀ ਹੈ ਜਾਂ ਦੋ ਜਣਿਆਂ ਦੀ? ਦੋਵੇਂ ਨਾਂਅ ਆਪੋ ਵਿਚ ਰਲਦੇ ਮਿਲਦੇ ਹਨ ਅਤੇ ਪਹਿਲਾ ਦੂਜੇ ਦਾ ਸੰਖੇਪ ਰੂਪ ਹੋ ਸਕਦਾ ਹੈ। ਇਸ ਕਰਕੇ ਕਈਆਂ ਦਾ ਵਿਚਾਰ ਹੈ ਕਿ ਲਿਖਤ ਕੁਝ ਇਵੇਂ ਕਹਿ ਰਹੀ ਹੈ: ''ਮੈਂ ਆਪਣੇ ਭਰਾ ਹਨਾਨੀ, *ਹਾਂ* ਸ਼ਾਹੀ ਮਹਿਲ ਦੇ ਸਰਦਾਰ ਹਨੱਨਯਾਹ ਨੂੰ, ਹਾਕਮ ਠਹਿਰਾਇਆ।''[2] ਪਰ ਕਈ ਟੀਕਾਕਾਰਾਂ ਅਤੇ ਬਹੁਤ ਸਾਰੇ ਅੰਗ੍ਰੇਜ਼ੀ ਸੰਸਕਰਨਾਂ ਵਿਚ ਇਸ ਵਚਨ ਨੂੰ ਬਹੁਤ ਰਲਦੇ ਮਿਲਦੇ ਨਾਂਵਾਂ ਵਾਲੇ ਦੋ ਵੱਖੋ ਵੱਖ ਆਦਮੀਆਂ ਦੀ ਗੱਲ ਕਰਦੇ ਵਿਖਾਇਆ ਗਿਆ ਹੈ।

ਬੇਸ਼ੱਕ ਦੋਹਾਂ ਬੰਦਿਆਂ ਨੇ ਇਸਰਾਏਲ ਦੀ ਸੇਵਾ ਵਿਚ ਆਪਣੇ ਆਪ ਨੂੰ ਸਾਬਿਤ ਕੀਤਾ। ਨਹਮਯਾਹ ਨੂੰ ਇਹ ਆਖ ਕੇ ਕਿ ਉਹ **ਨਿਹਚਾ ਵਾਲਾ** ਭਾਵ ਭਰੋਸੇ ਦੇ ਯੋਗ ਸੀ ਅਤੇ **ਪਰਮੇਸ਼ਰ ਤੋਂ ਡਰਨ ਵਾਲਾ** ਸੀ, ਹਨੱਨਯਾਹ ਦਾ ਹੋਰ ਵਰਣਨ ਦੇਣਾ ਜ਼ਰੂਰੀ ਲੱਗਾ। ਉਸ ਉੱਤੇ ਉਸ ਨੂੰ ਦਿੱਤੇ ਗਏ ਕੰਮ ਵਿਚ ਭਰੋਸੇ ਦੇ ਯੋਗ ਹੀ ਨਹੀਂ ਬਲਕਿ ਉਹ ਯਹੋਵਾਹ ਦਾ ਭੈਅ ਮੰਨਣ ਵਾਲਾ ਅਤੇ ਉਸ ਦੀ ਇੱਛਾ ਨੂੰ ਮੰਨਣ ਵਾਲਾ ਵੀ ਮੰਨਿਆ ਜਾਂਦਾ ਸੀ। ਦੋਹਾਂ ਨੂੰ **ਯਰੂਸ਼ਲਮ ਉੱਤੇ ਹਾਕਮ** ਇਸ ਗੱਲ ਵਿਚ ਬਣਾਇਆ ਗਿਆ ਕਿ ਇਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਪਾਈ ਗਈ।

ਨਹਮਯਾਹ 3 ਅਧਿਆਇ ਵਿਚ ਦੋ ਹੋਰ ਜਣਿਆਂ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਨੂੰ ''ਯਰੂਸ਼ਲਮ ਦੇ ਅੱਧੇ ਇਲਾਕੇ'' ਉੱਤੇ ਹਾਕਮ ਬਣਾਇਆ ਗਿਆ ਸੀ (3:9, 12)। ਹਨਾਨੀ ਅਤੇ ਹਨੱਨਯਾਹ ਇਨ੍ਹਾਂ ਦੋਹਾਂ ਦੇ ਕੀ ਲਗਦੇ ਸਨ? ਐਡਵਿਨ ਐਮ. ਯਾਮੋਚੀ ਦਾ ਵਿਚਾਰ ਸੀ ਕਿ ਹਨਾਨੀ ਨਹਮਯਾਹ 3 ਵਿਚ ਦੱਸੇ ਗਏ ਦੋ ਜਣਿਆਂ ਉੱਤੇ ''ਯਰੂਸ਼ਲਮ ਉੱਤੇ ਹਾਕਮ'' ਸੀ।[3] ਦੂਜੇ ਪਾਸੇ ਐੱਚ. ਜੀ. ਐੱਮ. ਵਿਲੀਅਮਸਨ ਦਾ ਮੰਨਣਾ ਸੀ ਕਿ 3:9, 12 ਅਤੇ 7:2 ਵਿਚਲੇ ਬੰਦਿਆਂ ਵਿਚਕਾਰ ''ਕਿਸੇ ਸਿੱਧੇ ਟਕਰਾਅ ਦੀ ਲੋੜ ਨਹੀਂ ਹੈ'' ਕਿਉਂ ਜੋ 3:9, 12 ਵਿਚਲੇ ਬੰਦਿਆਂ ਦੀ ਜ਼ਿੰਮੇਵਾਰੀ ''ਸ਼ਹਿਰ ਦੀ ਬਜਾਇ ਸ਼ਹਿਰੀ ਕੇਂਦਰ ਦੇ ਆਲੇ ਦੁਆਲੇ ਦੇ ਇਲਾਕੇ ਦੀ'' ਸੀ।[4] ਦੂਜੇ ਪਾਸੇ 7:2 ਵਿਚਲੇ ਬੰਦਿਆਂ ਦੀ ਜ਼ਿੰਮੇਵਾਰੀ ਬਾਹਰੀ ਦੁਸ਼ਮਣਾਂ ਤੋਂ ਸੁਰੱਖਿਆ ਪ੍ਰਦਾਨ ਕਰਨੀ ਸੀ ਜਦਕਿ 3:9, 12 ਵਾਲੇ ਦੋ ਜਣਿਆਂ ਦਾ ਕੰਮ ਆਪਣੇ ਇਲਾਕਿਆਂ ਦੇ ਇੰਤਜ਼ਾਮ ਨੂੰ ਵੇਖਣਾ ਸੀ।

**ਆਇਤ 3.** ਨਹਮਯਾਹ ਨੇ ਆਦੇਸ਼ ਦਿੱਤਾ ਕਿ ਸ਼ਹਿਰ ਦੇ ਸਭ ਤੋਂ ਵੱਧ ਨਾਜ਼ੁਕ ਹਾਲਤ ਵਿਚ ਹੋਣ ਦੇ ਉਨ੍ਹਾਂ ਘੰਟਿਆਂ ਦੌਰਾਨ **ਫਾਟਕ ਬੰਦ** ਰੱਖੇ ਜਾਣ ਅਤੇ ਉਨ੍ਹਾਂ ਨੂੰ ਤਾਲਾਬੰਦ ਰੱਖਿਆ ਜਾਵੇ। ਦਰਬਾਨ ਨੇ ਸਵੇਰੇ-ਸਵੇਰੇ ਫਾਟਕ ਖੋਲ੍ਹਣ ਦੀ ਥਾਂ ਉਨ੍ਹਾਂ ਨੂੰ **ਜਦ ਤਕ ਧੁੱਪ ਤਿਖੀ ਨਾ ਹੋ ਜਾਵੇ** ਭਾਵ ਦਿਨ ਚੜ੍ਹੇ

ਤਕ ਬੰਦ ਰੱਖਣ ਅਤੇ **ਜਦ** ਦਰਬਾਨ **ਖੜੇ ਹੀ ਹੋਣ** ਤਾਂ ਫਾਟਕ ਬੰਦ ਰਹਿਣ।

ਇਸ ਮੁਸ਼ਕਿਲ ਹਵਾਲੇ ਨੂੰ ਕਈ ਤਰ੍ਹਾਂ ਨਾਲ ਸਮਝਿਆ ਗਿਆ ਹੈ। ਡੇਰੇਕ ਕਿਡਨਰ ਨੇ ਦਲੀਲ ਦਿੱਤੀ ਕਿ ਇਸ ਦਾ ਹੋਰ ਸੰਭਾਵਿਤ ਅਰਥ ਹੈ ''ਫਾਟਕ ਦੇਰ ਨਾਲ ਖੋਲ੍ਹੇ ਜਾਣ ਅਤੇ ਛੇਤੀ ਬੰਦ ਕਰ ਦਿੱਤੇ ਜਾਣ।''[5] NAB ਵਿਚ ਹੈ, ''ਯਰੂਸ਼ਲਮ ਦੇ ਫਾਟਕ ਤਿੱਖੀ ਧੁੱਪ ਹੋਣ ਤੋਂ ਪਹਿਲਾਂ ਨਾ ਖੋਲ੍ਹੇ ਜਾਣ, ਅਤੇ ਸੂਰਜ ਦੇ ਚਮਕਦੇ ਹੋਣ ਤੇ ਉਹ ਬੰਦ ਕਰ ਦਿੱਤੇ ਜਾਣ ਅਤੇ ਫਾਟਕ ਲਾ ਦਿੱਤੇ ਜਾਣ।'' NIV ਆਇਤ ਦੇ ਪਿਛਲੇ ਹਿੱਸੇ ਦਾ ਅਨੁਵਾਦ ਹੈ, ''ਜਦੋਂ ਅਜੇ ਪਹਿਰੇਦਾਰ ਡਿਊਟੀ ਤੇ ਹੀ ਹੋਣ ਤਾਂ ਉਹ ਦਰਵਾਜ਼ੇ ਲਾ ਕੇ ਫਾਟਕ ਬੰਦ ਕਰ ਦੇਣ'' (ਵੇਖੋ NRSV; NJB; NJPSV)। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਫਾਟਕ ਸ਼ਾਮ ਨੂੰ ਛੇਤੀ, ਸੂਰਜ ਢਲਣ ਤੋਂ ਕੁਝ ਦੇਰ ਪਹਿਲਾਂ, ਬੰਦ ਕਰ ਦਿੱਤੇ ਜਾਣੇ ਸਨ।

ਇਕ ਹੋਰ ਸੰਭਾਵਿਤ ਅਰਥ ਇਹ ਹੈ ਕਿ ਪਹਿਰੇਦਾਰਾਂ ਨੂੰ ਦੁਪਹਿਰ ਦੇ ਖਾਣੇ ਤੋਂ ਬਾਅਦ ਸੁਸਤੀ ਪੈਣ ਲੱਗਣ ਵੇਲੇ ਫਾਟਕਾਂ ਨੂੰ ਅਰਾਮ ਦੇ ਸਮੇਂ ਦੌਰਾਨ, ਦਿਨ ਚੜ੍ਹੇ ਬੰਦ ਕਰਕੇ ਤਾਲਾ ਲਾ ਦਿੱਤਾ ਜਾਣਾ ਸੀ। REB ਨੇ ਇਸ ਆਇਤ ਦਾ ਅਨੁਵਾਦ ਕੀਤਾ ਹੈ, ''ਦਿਨ ਦੀ ਗਰਮੀ ਦੌਰਾਨ ਯਰੂਸ਼ਲਮ ਦੇ ਫਾਟਕ ਖੁੱਲ੍ਹੇ ਨਾ ਰਹਿਣ; ਪਹਿਰੇਦਾਰਾਂ ਦੇ ਅਰਾਮ ਕਰਨ ਵੇਲੇ ਫਾਟਕ ਬੰਦ ਕਰਕੇ ਤਾਲਾ ਲਾ ਦਿੱਤੇ ਜਾਣ।'' ਵਿਲੀਅਮਸਨ ਇਹ ਆਖਦਿਆਂ ਕਿ ''ਜਦ ਤਕ ਧੁੱਪ ਤਿੱਖੀ ਨਾ ਹੋ ਜਾਵੇ'' ਵਾਕ ਅੰਸ਼ ''ਦਿਨ ਦੇ ਸਭ ਤੋਂ ਗਰਮ ਹਿੱਸੇ ਦੀ ਸਾਫ਼ ਗੱਲ ਕਰਦਾ ਹੈ ਜਦ ਜ਼ਿਆਦਾਤਰ ਗਤੀਵਿਧੀ ਆਮ ਤੌਰ ਤੇ ਬੰਦ ਹੋ ਜਾਂਦੀ ਸੀ'' ਇਸ ਅਰਥ ਦੀ ਦਲੀਲ ਗਿੱਤੀ। ਇਹ ''ਦੁਪਹਿਰ ਦੇ ਅਰਾਮ ਦਾ ਸਮਾ'' ਹੁੰਦਾ ਸੀ (ਵੇਖੋ ਉਤਪਤ 18:1; 1 ਸਮੂਏਲ 11:9; 2 ਸਮੂਏਲ 4:5)।[6]

ਸ਼ਹਿਰ ਦੀ ਸੁਰੱਖਿਆ ਲਈ ਜ਼ਿੰਮੇਵਾਰ ਲੋਕਾਂ ਨੇ ਅਧਿਕਾਰਿਕ **ਪਹਿਰੇ ਵਾਲੇ** ਲਾਉਣ ਤੋਂ ਇਲਾਵਾ, ਪਹਿਰੇ ਲਈ ਖਲੋਣ ਵਾਸਤੇ ਸ਼ਹਿਰ ਦੇ ਆਮ ਲੋਕਾਂ ਨੂੰ ਵੀ ਲਾਉਣਾ ਸੀ। ਬੇਸ਼ੱਕ ਉਹ ਵਾਰੀ ਸਿਰ ਕੰਮ ਕਰਦੇ ਸਨ, ਜਿਸ ਵਿਚ ਹਰ ਕਿਸੇ ਨੂੰ **ਆਪਣਿਆਂ ਘਰਾਂ ਦੇ** ਨੇੜੇ **ਲਾਇਆ ਜਾਂਦਾ ਸੀ**।

## ਸ਼ਹਿਰ ਦੀ ਘਟੀ ਵੱਸੋਂ ਦਾ ਹੱਲ (7:4, 5)

**4ਸ਼ਹਿਰ ਚੌੜਾ ਅਤੇ ਵੱਡਾ ਸੀ ਅਤੇ ਆਦਮੀ ਥੋੜੇ ਸਨ। ਉਹ ਦੇ ਵਿਚ ਘਰ ਬਣੇ ਹੋਏ ਨਹੀਂ ਸਨ।**
**5ਤਾਂ ਮੇਰੇ ਪਰਮੇਸ਼ੁਰ ਨੇ ਮੇਰੇ ਮਨ ਵਿਚ ਪਾਇਆ ਕਿ ਮੈਂ ਸ਼ਰੀਫਾਂ ਨੂੰ ਅਤੇ ਰਈਸਾਂ ਨੂੰ ਅਤੇ ਲੋਕਾਂ ਨੂੰ ਇਕੱਠੇ ਕਰਾਂ ਤਾਂ ਜੋ ਓਹ ਆਪਣੀ ਕੁਲ ਪਤਰੀ ਦੇ ਅਨੁਸਾਰ ਗਿਣੇ ਜਾਣ ਅਤੇ ਮੈਨੂੰ ਉਨ੍ਹਾਂ ਦੀ ਕੁਲ ਪਤਰੀ ਦੀ ਪੋਥੀ ਲੱਭੀ ਜਿਹੜੇ ਪਹਿਲਾਂ ਆਏ ਸਨ ਅਤੇ ਮੈਨੂੰ ਉਹ ਦੇ ਵਿਚ ਇਹ ਲਿਖਿਆ ਹੋਇਆ ਲੱਭਾ–** . . .

**ਆਇਤ 4. ਸ਼ਹਿਰ** ਦਾ ਇਲਾਕਾ ਭਾਵੇਂ **ਚੌੜਾ** ਸੀ, ਪਰ ਉਸ ਵਿਚ ਰਹਿਣ ਵਾਲੇ **ਆਦਮੀ ਥੋੜੇ** ਸਨ। ਇਸ ਦੇ ਆਲੇ ਦੁਆਲੇ ਦੀ ਕੰਧ ਨਵੇਂ ਸਿਰਿਉਂ ਬਣਾਈ ਗਈ ਸੀ, ਪਰ **ਘਰ** ਥੋੜ੍ਹੇ ਸਨ। ਸਾਫ਼ ਹੈ ਕਿ ਪੁਰਾਣੇ ਬਹੁਤ ਸਾਰੇ ਘਰ ਅਜੇ ਵੀ ਖੰਡਰ ਪਏ ਸਨ।

ਯਰੂਸ਼ਲਮ ਵਿਚ ਐਨੇ ''ਥੋੜੇ'' ਲੋਕ ਕਿਉਂ ਸਨ? ਸ਼ਾਇਦ ਯਰੂਸ਼ਲਮ ਵਾਸੀਆਂ ਨੂੰ ਬਾਬਲ ਦੇ ਲੋਕਾਂ ਵੱਲੋਂ ਸ਼ਹਿਰ ਦੀ ਬਰਬਾਦੀ ਕੀਤੇ ਜਾਣ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਸੀ। ਸ਼ਹਿਰ ਦੇ ਬਹੁਤੇ ਲੋਕ ਮਾਰ ਦਿੱਤੇ ਗਏ ਸਨ। ਕੋਰਸ ਦੇ ਹੁਕਮ ਨਾਲ ਬਾਬਲ ਤੋਂ ਛੁੱਟਣ ਤੋਂ ਬਾਅਦ ਲੋਕਾਂ ਵੱਲੋਂ ਯਹੂਦਾਹ ਵਿਚ ਰਹਿਣ ਦੀਆਂ ਥਾਂਵਾਂ ਚੁਣੀਆਂ ਗਈਆਂ ਅਤੇ ਉਹ ਉਨ੍ਹਾਂ ਸ਼ਹਿਰਾਂ ਵਿਚ ਵੱਸ ਗਏ ਜਿੱਥੇ ਅਸੀਰੀ ਤੋਂ ਪਹਿਲਾਂ ਉਹ (ਜਾਂ ਉਨ੍ਹਾਂ ਦੇ ਮਾਂ ਬਾਪ) ਰਹਿੰਦੇ ਸਨ (7:6)। ਸਿਰਫ਼ ਥੋੜ੍ਹੇ ਜਿਹੇ ਲੋਕ ਹੀ ਯਰੂਸ਼ਲਮ ਨੂੰ ਘਰ ਆਖ ਸਕਦੇ ਸਨ। ਕੰਧ ਭਾਵੇਂ ਬਣ ਗਈ ਸੀ ਪਰ ਉਸ ਵਿਚ ਰਹਿਣ ਵਾਲਿਆਂ

ਦੀ ਕਮੀ ਵੱਲ ਧਿਆਨ ਨਹੀਂ ਗਿਆ ਹੋਵੇਗਾ, ਕਿਉਂਕਿ ਸ਼ਹਿਰ ਵਿਚ ਪੂਰੀ ਗਹਿਮਾ–ਗਹਿਮੀ ਸੀ। ਨਹਮਯਾਹ ਦੇ ਜ਼ੋਰ ਦਿੱਤੇ ਜਾਣ ਤੇਂ ਸ਼ਹਿਰੋਂ ਬਾਹਰ ਰਹਿਣ ਵਾਲੇ ਕੰਮ ਕਰਨ ਵਾਲੇ ਸ਼ਹਿਰਪਨਾਹ ਦੇ ਅੰਦਰ ਰਾਤਾਂ ਕੱਟਦੇ ਸਨ (4:22); ਜਿਸ ਕਰਕੇ ਸ਼ਹਿਰ ਚੌਵ੍ਹੀ ਘੰਟੇ ਲੋਕਾਂ ਨਾਲ ਭਰਿਆ ਰਹਿੰਦਾ ਸੀ। ਪਰ ਹੁਣ ਜਦ ਕੰਧ ਦਾ ਕੰਮ ਪੂਰਾ ਹੋ ਗਿਆ ਤਾਂ ਸਾਫ਼ ਹੈ ਕਿ ਯਰੂਸ਼ਲਮ ਦੇ ਵਾਸੀ ਘੱਟ ਗਏ।

ਅਜਿਹੀ ਟਾਂਵੀਂ ਟਾਂਵੀਂ ਅਬਾਦੀ ਨਾ ਸਿਰਫ਼ ਯਰੂਸ਼ਲਮ ਦੇ ਮਹਾਨ ਨਗਰ ਦੇ ਬਣਨ ਤੋਂ ਲੈ ਕੇ ਕਦੇ ਹੋਈ ਸੀ, ਬਲਕਿ ਇਹ ਦੁਸ਼ਮਣ ਦੇ ਹਮਲਿਆਂ ਲਈ ਵਧੇਰੇ ਹੀ ਨਾਜ਼ੁਕ ਸ਼ਹਿਰ ਬਣ ਗਿਆ ਸੀ। ਇਸ ਕਰਕੇ ਸ਼ਹਿਰ ਨੂੰ ਮੁੜ ਵਸਾਉਣਾ ਨਹਮਯਾਹ ਦਾ ਇਕ ਵੱਡਾ ਉਦੇਸ਼ ਬਣ ਗਿਆ, ਜਿਸ ਨੂੰ ਹਾਸਲ ਕਰਨ ਦਾ ਵੇਰਵਾ ਅਧਿਆਇ 11 ਵਿਚ ਮਿਲਦਾ ਹੈ।

**ਆਇਤ 5.** ਖ਼ੁਦਾ ਤੋਂ ਅਗਵਾਈ ਪਾ ਕੇ ਨਹਮਯਾਹ ਨੇ ਘਟੀ ਵੱਸੋਂ ਦੀ ਮੁਸ਼ਕਿਲ ਦਾ ਹੱਲ ਕਰਨ ਦਾ ਮਨ ਬਣਾਇਆ। ਇਹਦੇ ਲਈ ਉਸ ਨੇ **ਲੋਕਾਂ** ਦੀ ਉਨ੍ਹਾਂ ਦੀ **ਕੁਲਪਤਰੀ** ਦੇ ਮੁਤਾਬਕ ਹਾਜ਼ਰੀ ਲਾਉਣ ਲਈ ਸਭਾ ਬੁਲਾਈ। ਇਹ ਮਰਦਮਸ਼ੁਮਾਰੀ ਉਹਦੇ ਆਪਣੇ ਵੱਲੋਂ ਨਹੀਂ ਸੀ। ਉਸ ਨੇ ਆਖਿਆ, **ਮੇਰੇ ਪਰਮੇਸ਼ੁਰ ਨੇ ਮੇਰੇ ਮਨ ਵਿਚ ਪਾਇਆ।** ਉਹ ਆਖ ਰਿਹਾ ਸੀ, ''ਲੋਕਾਂ ਦੀ ਉਨ੍ਹਾਂ ਦੀਆਂ ਕੁਲ ਪਤਰੀਆਂ ਦੇ ਅਨੁਸਾਰ ਹਾਜ਼ਰੀ ਲਾਉਣ ਲਈ 'ਖ਼ੁਦਾ ਨੇ ਮੈਨੂੰ ਪ੍ਰੇਰਣਾ ਦਿੱਤੀ।''' ਐੱਫ਼. ਚਾਰਲਸ ਫੈਂਸ਼ਮ ਨੇ ਜ਼ੋਰ ਦੇ ਕੇ ਕਿ ''ਇਸ, ਅਭਿਵਿਅਕਤੀ ਦੀ ਵਰਤੋਂ ਇਹ ਧਿਆਨ ਦੁਆਉਣ ਲਈ ਕੀਤੀ ਗਈ ਹੈ ਕਿ ਇਹ ਦਾਊਦ ਨੂੰ ਪ੍ਰੇਰਣਾ ਦੇਣ ਵਾਂਗ ਸ਼ਤਾਨ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਮਿਲੀ ਪ੍ਰੇਰਣਾ ਸੀ (1 ਇਤਹਾਸ 21:1)।''[7] ਇਹ ਮੰਨਣ ਤੇ ਕਿ ਨਹਮਯਾਹ ਵੱਲੋਂ ਬੁਲਾਈ ਗਈ ਸਭਾ ਅਧਿਆਇ 8 ਵਿਚ ਦੱਸੀ ਗਈ ਸਭਾ ਹੀ ਸੀ, ਇਸ ਦੇ ਨਤੀਜੇ ਵਜੋਂ ਖ਼ੁਦਾ ਦਾ ਵਚਨ ਪੜ੍ਹਿਆ ਗਿਆ, ਲੋਕਾਂ ਵੱਲੋਂ ਤੋਬਾ ਕੀਤੀ ਗਈ ਅਤੇ ਨੇਮ ਨਵੇਂ ਸਿਰਿਉਂ ਬੰਨ੍ਹਿਆ ਗਿਆ। ਇਸ ਕਰਕੇ ਅਸੀਂ ਇਹ ਮੰਨ ਸਕਦੇ ਹਾਂ ਕਿ ਅਸਲ ਵਿਚ ਖ਼ੁਦਾ ਨੇ ਹੀ ਉਸ ਨੂੰ ਉਹ ਸਭਾ ਬੁਲਾਉਣ ਦੀ ਪ੍ਰੇਰਣਾ ਦਿੱਤੀ ਸੀ।[8]

ਸਾਫ਼ ਹੈ ਕਿ ਇਸ ਹਾਜ਼ਰੀ ਲਾਉਣ ਦਾ ਆਖ਼ਰੀ ਉਦੇਸ਼ ਯਰੂਸ਼ਲਮ ਦੀ ਵੱਸੋਂ ਵਧਾਉਣਾ ਸੀ; ਪਰ ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਸੀ ਕਿ ਉੱਥੇ ਆਬਾਦ ਹੋਣ ਵਾਲੇ ਲੋਕ ਅਸਲੀ ਯਹੂਦੀ ਭਾਵ ਉਨ੍ਹਾਂ ਦੀ ਸੰਤਾਨ ਹੋਣ ਜਿਹੜੇ ਇਕ ਸੌ ਸਾਲ ਦੇ ਕਰੀਬ ਪਹਿਲਾਂ ਬਾਬਲ ਤੋਂ ਵਾਪਸ ਆਏ ਸਨ। ਜਿਵੇਂ ਕੀਥ ਐੱਨ. ਸ਼ੋਵਿੱਲ ਨੇ ਕਿਹਾ ਹੈ, ''ਦੋ ਪ੍ਰੇਰਣਾਵਾਂ ਸਾਫ਼ ਹਨ: ਅਬਾਦੀ ਵਧਾਉਣਾ ਅਤੇ ਨਸਲੀ ਸ਼ੁੱਧਤਾ ਅਤੇ ਵਧੀ ਹੋਈ ਬਰਾਦਰੀ ਦੇ ਨਿਰਾਲੇ ਹੋਣ ਨੂੰ ਯਕੀਨੀ ਬਣਾਉਣਾ।''[9] ਇਹ ਪੱਕਾ ਕਰਨ ਦੀ ਕਿ ਰਾਜਧਾਨੀ ਵਿਚ ਰਹਿਣ ਵਾਲੀ ਬਹੁਗਿਣਤੀ ਯਹੂਦੀ ਵੰਸ਼ ਦੀ ਹੀ ਹੋਵੇ, ਨਹਮਯਾਹ ਦੀ ਸਿੱਖਿਆ ਸਮਝ ਵਿਚ ਆਉਂਦੀ ਹੈ। ਦੇਸ਼ ਦੇ ਲੋਕਾਂ ਨੇ ਵਾਪਸ ਆਉਣ ਵਾਲਿਆਂ ਨੂੰ ਐਨਾ ਕੁ ਦੁਖੀ ਕੀਤਾ ਸੀ ਕਿ ਉਸ ਨੂੰ ਇਹ ਲੋੜ ਲੱਗੀ ਕਿ ਯਹੂਦਾਹ ਦੇ ਪ੍ਰਮੁੱਖ ਨਗਰ ਵਿਚ ਬਹੁਗਿਣਤੀ ਯਹੂਦੀਆਂ ਦੀ ਹੋਵੇ।

ਲਿਖਤ ਇੱਥੇ ਨਹਮਯਾਹ ਵੱਲੋਂ ਸੱਦੀ ਗਈ ਸਭਾ ਦਾ ਵੇਰਵਾ ਨਹੀਂ ਦਿੰਦੀ। ਬਲਕਿ ਇਹ ਆਖਦੀ ਹੈ ਕਿ ਨਹਮਯਾਹ ਨੂੰ ਉਨ੍ਹਾਂ ਦਾ ਜਿਹੜੇ ਜ਼ਰੁੱਬਾਬਲ ਦੇ ਨਾਲ ਯਹੂਦਾਹ ਵਿਚ ਵਾਪਸ ਆਏ ਸਨ ਵੇਰਵਾ **ਲੱਭਾ** (ਸੰਭਵ ਤੌਰ ਤੇ ਹੈਕਲ ਦੇ ਪੁਰਾਲੇਖਾਂ ਵਿਚ)। ਆਪਣੇ ਪਾਠਕਾਂ ਦੇ ਲਾਭ ਲਈ ਉਸਨੇ **ਲਿਖਿਆ ਹੋਇਆ** ਜੋੜ ਦਿੱਤਾ।

## ਉਨ੍ਹਾਂ ਦੇ ਨਾਂਅ ਜਿਹੜੇ ਜ਼ਰੁੱਬਾਬਲ ਦੇ ਨਾਲ ਵਾਪਸ ਆਏ ਸਨ (7:6-73)

**6ਇਹ ਉਸ ਸੂਬੇ ਦੇ ਲੋਕ ਹਨ ਜਿਹੜੇ ਉਨ੍ਹਾਂ ਅਸੀਰਾਂ ਵਿੱਚੋਂ ਜਿਨ੍ਹਾਂ ਨੂੰ ਬਾਬਲ ਦਾ ਰਾਜਾ ਨਬੂਕਦਨੱਸਰ ਅਸੀਰੀ ਵਿਚ ਲੈ ਗਿਆ ਸੀ ਉਤਾਹਾਂ ਆ ਕੇ ਸਾਰੇ ਯਰੂਸ਼ਲਮ ਤੇ ਯਹੂਦਾਹ ਵਿਚ ਆਪੋ**

ਆਪਣੇ ਸ਼ਹਿਰਾਂ ਨੂੰ ਮੁੜ ਆਏ, 7ਜਿਹੜੇ ਜ਼ਰੁੱਬਾਬਲ, ਯੇਸ਼ੂਆ, ਨਹਮਾਯਾਹ, ਅਜ਼ਰਯਾਹ, ਰਅਮਯਾਹ
ਅਰ ਨਹਮਾਨੀ, ਮਾਰਦਕਈ, ਬਿਲਸ਼ਾਨ, ਮਿਸਪਰਥ, ਬਿਗਵਈ, ਮਿਸਪਰਥ, ਬਿਗਵਾਨੀ, ਨਹੂਮ
ਅਤੇ ਬਅਨਾਹ ਦੇ ਨਾਲ ਆਏ। ਇਸਰਾਏਲੀ ਪਰਜਾ ਦੇ ਮਨੁੱਖਾਂ ਦੀ ਗਿਣਤੀ ਇਹ ਹੈ

8ਪਰੋਸ਼ੀ ਦੀ ਵੰਸ ਦੋ ਹਜਾਰ ਇਕ ਸੌ ਬਹੱਤਰ 9ਸ਼ਫਟਯਾਹ ਦੀ ਵੰਸ ਤਿੰਨ ਸੌ ਬਹੱਤਰ 10ਆਰਹ
ਦੀ ਵੰਸ ਛੇ ਸੌ ਬਵੰਜਾ 11ਪਹਥ-ਮੋਆਬ ਜਿਹੜੇ ਯੇਸ਼ੂਆ ਅਤੇ ਯੋਆਬ ਦੀ ਵੰਸ ਵਿੱਚੋਂ ਸਨ ਦੋ ਹਜ਼ਾਰ
ਅਠ ਸੌ ਅਠਾਰਾਂ 12ਏਲਾਮ ਦੀ ਵੰਸ ਇਕ ਹਜ਼ਾਰ ਦੋ ਸੌ ਚੁਰੰਜਾ 13ਜ਼ੱਤੂ ਦੀ ਵੰਸ ਅੱਠ ਸੌ ਪੰਨਤਾਲੀ
14ਜ਼ੱਕਾਈ ਦੀ ਵੰਸ ਸੱਤ ਸੌ ਸੱਠ 15ਬਿੰਨੂਈ ਦੇ ਵੰਸ ਛੇ ਸੌ ਅਠਤਾਲੀ 16ਬੇਬਈ ਦੀ ਵੰਸ ਛੇ ਸੌ ਅਠਾਈ
17ਅਜ਼ਗਾਦ ਦੀ ਵੰਸ ਦੋ ਹਜ਼ਾਰ ਤਿੰਨ ਸੌ ਬਾਈ 18ਅਦੋਨੀਕਾਮ ਦੀ ਵੰਸ ਛੇ ਸੌ ਸਤਾਹਠ 19ਬਿਗਵਾਈ
ਦੀ ਵੰਸ ਦੋ ਹਜ਼ਾਰ ਸਤਾਹਠ 20ਆਦੀਨ ਦੀ ਵੰਸ ਛੇ ਸੌ ਪਚਵੰਜਾ 21ਹਿਜ਼ਕੀਯਾਹ ਦੇ ਅਟੇਰ ਦੀ ਵੰਸ
ਅਠਾਨਵੇਂ 22ਹਾਸੂਮ ਦੀ ਵੰਸ ਤਿੰਨ ਸੌ ਅਠਾਈ 23ਬੇਸਾਈ ਦੀ ਵੰਸ ਤਿੰਨ ਸੌ ਚੌਵੀ 24ਹਾਰੀਫ ਦੀ ਵੰਸ
ਇਕ ਸੌ ਬਾਰਾਂ 25ਗਿਬਓਨ ਦੀ ਵੰਸ ਪਚਾਨਵੇਂ 26ਬੈਤਲਹਮ ਅਤੇ ਨਟੋਫਾਹ ਦੇ ਮਨੁੱਖ਼ ਇਕ ਸੌ ਅਠਾਸੀ
27ਅਨਾਥੋਥ ਦੇ ਮਨੁੱਖ ਇਕ ਸੌ ਅਠਾਈ 28ਬੈਤ-ਅਜਮਾਵਥ ਦੇ ਮਨੁੱਖ ਬਤਾਲੀ 29ਕਿਰਯਥ-ਯਆਰੀਮ
ਅਰ ਕਫੀਰਾਹ ਅਤੇ ਬੇਰੋਯ ਦੇ ਮਨੁੱਖ ਸੱਤ ਸੌ ਤਰਤਾਲੀ 30ਰਾਮਾਹ ਅਤੇ ਗਬਾ ਦੇ ਮਨੁੱਖ ਛੇ ਸੌ ਇੱਕੀ
31ਮਿਕਮਾਸ ਦੇ ਮਨੁੱਖ ਇਕ ਸੌ ਬਾਈ 32ਬੈਤ-ਏਲ ਅਰ ਅਈ ਦੇ ਮਨੁੱਖ ਇਕ ਸੌ ਤੇਈ 33ਦੂਸਰੇ ਨਬੋ
ਦੇ ਮਨੁੱਖ ਬਵੰਜਾ 34ਦੂਸਰੇ ਏਲਾਮ ਦੀ ਵੰਸ ਇਕ ਹਜ਼ਾਰ ਦੋ ਸੌ ਚੁਰੰਜਾ 35ਹਾਰੀਮ ਦੀ ਵੰਸ ਤਿਨ ਸੌ
ਵੀਹ 36ਯਰੀਹੋ ਦੀ ਵੰਸ ਤਿੰਨ ਸੌ ਪੰਨਤਾਲੀ 37ਲੋਦ ਅਰ ਹਾਦੀਦ ਅਤੇ ਓਨੋ ਦੀ ਵੰਸ ਸੱਤ ਸੌ ਇੱਕੀ
38ਸਨਾਹ ਦੀ ਵੰਸ ਤਿੰਨ ਹਜ਼ਾਰ ਨੌਂ ਸੌ ਤੀਹ

39ਜਾਜਕ ਅਰਥਾਤ ਯੇਸ਼ੂਆ ਦੇ ਘਰਾਣੇ ਦੇ ਯਦਅਯਾਹ ਦੀ ਵੰਸ ਨੌਂ ਸੌ ਤਿਹੱਤਰ 40ਈਮੇਰ ਦੀ
ਵੰਸ ਇਕ ਹਜ਼ਾਰ ਬਵੰਜਾ 41ਪਸ਼ਹੂਰ ਦੀ ਵੰਸ ਇਕ ਹਜ਼ਾਰ ਦੋ ਸੌ ਸੰਤਾਲੀ 42ਹਾਰੀਮ ਦੀ ਵੰਸ ਇਕ
ਹਜ਼ਾਰ ਸਤਾਰਾ

43ਲੇਵੀ ਅਰਥਾਤ ਕਦਮੀਏਲ ਦੇ ਯੇਸ਼ੂਆ ਦੀ ਵੰਸ ਅਤੇ ਹੋਦਵਾਹ ਦੀ ਵੰਸ ਚੁਹੱਤਰ 44ਰਾਗੀ
ਅਸਾਫ ਦੀ ਵੰਸ ਇਕ ਸੌ ਅੱਠਤਾਲੀ 45ਦਰਬਾਨ ਸੱਲੂਮ ਦੀ ਵੰਸ ਅਰ ਆਟੇਰ ਦੀ ਵੰਸ ਅਰ ਟਲਮੋਨ
ਦੀ ਵੰਸ ਅਰ ਅੱਕੂਬ ਦੀ ਵੰਸ ਅਤੇ ਹਟੀਟਾ ਦੀ ਵੰਸ ਅਤੇ ਸ਼ੋਬਾਈ ਦੀ ਵੰਸ ਇਕ ਸੌ ਅਠੱਤੀ

46ਨਥੀਨੀਮ ਅਰਥਾਤ ਸੀਹਾ ਦੀ ਵੰਸ ਅਤੇ ਹਸੁਫਾ ਦੀ ਵੰਸ ਅਰ ਟੱਬਾਓਥ ਦੀ ਵੰਸ 47ਕੇਰੋਸ
ਦੀ ਵੰਸ ਅਰ ਪਾਦੋਨ ਦੀ ਵੰਸ 48ਲਬਾਨਾਹ ਦੀ ਵੰਸ ਅਰ ਸੀਆ ਦੀ ਵੰਸ ਅਰ ਹਗਾਬਾ ਦੀ ਵੰਸ ਅਰ
ਸਲਮਾਈ ਦੀ ਵੰਸ 49ਹਨਾਨ ਦੀ ਵੰਸ ਅਰ ਗਿੱਦੇਲ ਦੀ ਵੰਸ ਅਰ ਗਾਹਰ ਦੀ ਵੰਸ 50ਰਅਯਾਹ ਦੀ
ਵੰਸ ਅਰ ਰਸੀਨ ਦੀ ਵੰਸ ਅਰ ਨਕੋਦਾ ਦੀ ਵੰਸ 51ਗੱਜ਼ਾਮ ਦੀ ਵੰਸ ਅਰ ਉੱਜ਼ਾ ਦੀ ਵੰਸ ਅਰ ਪਾਸੇਹ
ਦੀ ਵੰਸ 52ਬੇਸਈ ਦੀ ਵੰਸ ਅਰ ਮਊਨੀਮ ਦੀ ਵੰਸ ਅਰ ਨਫੀਸ਼ਸੀਮ ਦੀ ਵੰਸ 53ਬਕਬੂਕ ਦੀ ਵੰਸ
ਅਰ ਹਕੂਫਾ ਦੀ ਵੰਸ ਅਰ ਹਰਹੂਰ ਦੀ ਵੰਸ 54ਬਸਲੀਥ ਦੀ ਵੰਸ ਅਰ ਮਹੀਦਾ ਦੀ ਵੰਸ ਅਰ ਹਰਸ਼ਾ
ਦੀ ਵੰਸ 55ਬਰਕੋਸ ਦੀ ਵੰਸ ਅਰ ਸੀਸਰਾ ਦੀ ਵੰਸ ਅਰ ਥਾਮਹ ਦੀ ਵੰਸ 56ਨਸੀਅਹ ਦੀ ਵੰਸ ਅਰ
ਹਟੀਫਾ ਦੀ ਵੰਸ

57ਸੁਲੇਮਾਨ ਦੇ ਟਹਿਲੂਆਂ ਦੀ ਵੰਸ ਸੋਟਈ ਦੀ ਵੰਸ ਅਰ ਸੋਫਰਥ ਦੀ ਵੰਸ ਅਰ ਪਰੀਦਾ ਦੀ
ਵੰਸ 58ਯਅਲਾਹ ਦੀ ਵੰਸ ਅਰ ਦਰਕੋਨ ਦੀ ਵੰਸ ਅਰ ਗਿੱਦੇਲ ਦੀ ਵੰਸ 59ਸ਼ਫਟਯਾਹ ਦੀ ਵੰਸ ਅਰ
ਹੱਟੀਲ ਦੀ ਵੰਸ ਅਰ ਸੱਬਤਈਮ ਦੇ ਫੋਕਰਥ ਦੀ ਵੰਸ ਅਰ ਆਮੋਨ ਦੀ ਵੰਸ

60ਸਾਰੇ ਨਥੀਨੀਮ ਅਤੇ ਸੁਲੇਮਾਨ ਦੇ ਟਹਿਲੂਆਂ ਦੀ ਵੰਸ ਤਿਨ ਸੌ ਬਾਨਵੇਂ।

61ਇਹ ਓਹ ਹਨ ਜਿਹੜੇ ਤੇਲਮਲਹ ਅਰ ਤੇਲਹਰਸ਼ਾ ਅਰ ਕਰੂਬ ਅਰ ਅਦੋਨ ਅਤੇ ਇੰਮੇਰ ਤੋਂ
ਉਤਾਹਾਂ ਗਏ ਸਨ ਪਰ ਆਪਣੇ ਪਿਉ ਦਾਦਿਆਂ ਦੇ ਘਰਾਣੇ ਦਾ ਅਤੇ ਆਪਣੀ ਨਸਲ ਦਾ ਪਤਾ ਨਾ ਦੇ

**ਸੱਕੇ ਭਈ ਇਸਰਾਏਲ ਵਿੱਚੋਂ ਵੀ ਸਨ [62]ਦਲਾਯਾਹ ਦੀ ਵੰਸ ਅਰ ਟੋਬੀਯਾਹ ਦੀ ਵੰਸ ਅਰ ਨਕੋਦਾ
ਦੀ ਵੰਸ ਛੇ ਸੌ ਬਤਾਲੀ [63]ਅਤੇ ਜਾਜਕਾਂ ਵਿੱਚੋਂ ਹਾਬਾਯਾਹ ਦੀ ਵੰਸ ਅਰ ਕੋਸ ਦੀ ਵੰਸ ਬਰਜ਼ਿੱਲਈ
ਦੀ ਵੰਸ ਜਿਨ੍ਹਾਂ ਨੇ ਬਰਜ਼ਿੱਲਈ ਗਿਲਆਦੀ ਦੀਆਂ ਧੀਆਂ ਵਿੱਚੋਂ ਇਕ ਨੂੰ ਵਿਆਹ ਲਿਆ ਇਸ ਲਈ
ਉਨ੍ਹਾਂ ਦੇ ਨਾਉਂ ਉੱਤੇ ਪੁਕਾਰੀ ਗਈ [64]ਇਨ੍ਹਾਂ ਨੇ ਆਪਣੀਆਂ ਲਿਖਤਾਂ ਨੂੰ ਵੰਸਾਓਲੀਵਾਲਿਆਂ ਵਿੱਚੋਂ
ਭਾਲਿਆ ਪਰ ਜਦ ਓਹ ਨਾ ਮਿਲੀਆਂ ਤਦ ਓਹ ਅਸ਼ੁੱਧ ਠਹਿਰਕੇ ਜਾਜਕਾਈ ਵਿੱਚੋਂ ਕੱਢੇ ਗਏ [65]ਤਾਂ
ਹਾਕਮ ਨੇ ਉਨ੍ਹਾਂ ਨੂੰ ਆਖਿਆ ਕਿ ਓਹ ਅੱਤਪਵਿੱਤਰ ਚੀਜ਼ਾਂ ਵਿੱਚੋਂ ਨਾ ਖਾਣ ਜਿੰਨਾਂ ਚਿਰ ਊਰੀਮ ਅਰ
ਥੁੰਮੀਮ ਲਈ ਕੋਈ ਜਾਜਕ ਨਾ ਖੜਾ ਹੋਵੇ**

**[66]ਸਾਰੀ ਸਭਾ ਮਿਲ ਕੇ ਬਤਾਲੀ ਹਜ਼ਾਰ ਤਿੰਨ ਸੌ ਸੱਠ ਸੀ [67]ਉਨ੍ਹਾਂ ਦੇ ਗੋੱਲੇ ਅਤੇ ਗੋੱਲੀਆਂ ਤੋਂ
ਛੁਟ ਜਿਹੜੇ ਸੱਤ ਹਜ਼ਾਰ ਤਿੰਨ ਸੌ ਸੈਂਤੀ ਸਨ ਅਤੇ ਰਾਗੀ ਅਤੇ ਰਾਗਣਾਂ ਦੋ ਸੌ ਪੰਤਾਲੀ ਸਨ [68]ਉਨ੍ਹਾਂ
ਦੇ ਘੋੜੇ ਸੱਤ ਸੌ ਛੱਤੀ ਅਤੇ ਉਨ੍ਹਾਂ ਦੀਆਂ ਖੱਚਰਾਂ ਦੋ ਸੌ ਪੰਤਾਲੀ ਸਨ [69]ਉਨ੍ਹਾਂ ਦੇ ਊਠ ਚਾਰ ਸੌ ਪੈਂਤੀ
ਅਤੇ ਉਨ੍ਹਾਂ ਦੇ ਗਧੇ ਛੇ ਹਜ਼ਾਰ ਸੱਤ ਸੌ ਵੀਹ**

**[70]ਉਨ੍ਹਾਂ ਦੇ ਪਿਉ ਦਾਦਿਆਂ ਦੇ ਮੁਖੀਆਂ ਵਿੱਚੋਂ ਕਈਆਂ ਨੇ ਕੰਮ ਲਈ ਦਿੱਤਾ ਅਤੇ ਹਾਕਮ ਨੇ ਇਕ
ਹਜ਼ਾਰ ਦਰਮ ਸੋਨਾ ਅਤੇ ਪੰਜਾਹ ਬਾਟੇ ਅਤੇ ਜਾਜਕਾਂ ਲਈ ਪੰਜ ਸੌ ਤੀਹ ਪੁਸ਼ਾਕਾਂ ਖ਼ਜ਼ਾਨੇ ਵਿਚ ਦਿੱਤੀਆਂ।**

**[71]ਪਿਉ ਦਾਦਿਆਂ ਦੇ ਮੁਖੀਆਂ ਵਿੱਚੋਂ ਕਈਆਂ ਨੇ ਕੰਮ ਲਈ ਵੀਹ ਹਜ਼ਾਰ ਦਰਮ ਸੋਨਾ ਅਤੇ ਦੋ
ਹਜ਼ਾਰ ਦੋ ਸੌ ਮਾਨੇਹ ਚਾਂਦੀ ਖਜ਼ਾਨੇ ਵਿਚ ਦਿੱਤੀ [72]ਅਤੇ ਬਾਕੀ ਲੋਕਾਂ ਨੇ ਜਿਹੜਾ ਦਿੱਤਾ ਉਹ ਵੀਹ
ਹਜ਼ਾਰ ਦਰਮ ਸੋਨਾ ਸੀ ਅਤੇ ਦੋ ਹਜ਼ਾਰ ਮਾਨੇਹ ਚਾਂਦੀ ਅਤੇ ਜਾਜਕਾਂ ਲਈ ਸਤਾਹਟ ਪੁਸ਼ਾਕਾਂ**

**[73]ਸੋ ਜਾਜਕ ਅਰ ਲੇਵੀ ਅਰ ਦਰਬਾਨ ਅਰ ਰਾਗੀ ਅਰ ਕਈ ਲੋਕ ਅਰ ਨਥੀਨੀਮ ਸਗੋਂ ਸਾਰਾ
ਇਸਰਾਏਲ ਆਪੋ ਆਪਣੇ ਸ਼ਹਿਰਾਂ ਵਿਚ ਵੱਸ ਗਏ . . .**

ਵਾਪਸ ਆਉਣ ਵਾਲੇ ਅਸੀਰਾਂ ਦੇ ਨਾਂਅ ਅਤੇ ਗਿਣਤੀ 7:6–73 ਵਿਚ ਦਿੱਤੀ ਗਈ ਹੈ। ਇਸ ਤੋਂ ਇਲਾਵਾ ਇਨ੍ਹਾਂ ਆਇਤਾਂ ਵਿਚ ਲੋਕਾਂ ਵੱਲੋਂ ਬਾਬਲ ਤੋਂ ਆਪਣੇ ਨਾਲ ਲਿਆਂਦੇ ਮਾਲ ਡੰਗਰ ਦੇ ਨਾਲ ਨਾਲ ਹੈਕਲ ਲਈ ਦਿੱਤੇ ਗਏ ਦਾਨਾਂ ਦਾ ਵੇਰਵਾ ਵੀ ਹੈ। 7:6–73 ਵਿਚਲੇ ਲੋਕ ਅਤੇ ਚੀਜ਼ਾਂ ਅਜ਼ਰਾ 2 ਵਿਚਲੀਆਂ ਗੱਲਾਂ ਨਾਲ ਮੇਲ ਖਾਂਦੇ ਹਨ। ਉਨ੍ਹਾਂ ਵਿਚਲੇ ਫ਼ਰਕ ਨਕਲਕਾਰ ਦੀਆਂ ਗਲਤੀਆਂ ਮੰਨੇ ਜਾ ਸਕਦੇ ਹਨ।

**ਆਇਤਾਂ 6-73.** ਇਸ ਲੇਖੇ–ਜੋਖੇ ਦਾ ਅਰੰਭ ਉਨ੍ਹਾਂ ਨਾਲ ਹੁੰਦਾ ਹੈ ਜਿਹੜੇ ਅਸੀਰੀ ਤੋਂ **ਮੁੜ ਆਏ** ਅਤੇ ਇਸ ਵਿਚ ਉਨ੍ਹਾਂ ਵਾਪਸ ਆਉਣ ਵਾਲੇ ਆਗੂਆਂ ਦੇ ਨਾਂਅ ਦਿੱਤੇ ਗਏ ਹਨ। (7:6, 7)। ਜਿਸ **ਸੂਬੇ** ਵਿਚ ਉਹ ਆਏ ਉਹ ਯਹੂਦਾਹ ਜਾਂ ਯਹੂਦੀਆ ਸੀ, ਜਿਸ ਨੂੰ ਉਸ ਸਮੇਂ ਫ਼ਾਰਸੀਆਂ ਵੱਲੋਂ ''ਯੇਹੁਦ'' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਦੇਸ਼ ਵਿਚ ਵਾਪਸ ਆਉਣ ਵਾਲੇ **ਆਪੋ ਆਪਣੇ ਸ਼ਹਿਰਾਂ** ਵਿਚ, ਭਾਵ ਉਨ੍ਹਾਂ ਸ਼ਹਿਰਾਂ ਵਿਚ ਜਿੱਥੇ ਅਸੀਰੀ ਵਿਚ ਲਿਆਏ ਜਾਣ ਤੋਂ ਪਹਿਲਾਂ ਉਹ ਜਾਂ ਉਨ੍ਹਾਂ ਦੇ ਪਰਿਵਾਰ ਰਹਿੰਦੇ ਸਨ, ਚਲੇ ਗਏ। ਨਹਮਯਾਹ ਨੇ ਬਾਅਦ ਵਿਚ ਇਨ੍ਹਾਂ ਵਿੱਚੋਂ ਕੁਝ ਲੋਕਾਂ ਕੋਲ ਜਾਣਾ ਸੀ ਕਿਉਂ ਜੋ ਯਰੂਸ਼ਲਮ ਨੂੰ ਫੇਰ ਤੋਂ ਵਸਾਏ ਜਾਣਾ ਜ਼ਰੂਰੀ ਸੀ।

ਵਾਪਸ ਆਉਣ ਵਾਲਿਆਂ ਨੂੰ ਕਈ ਵਰਗਾਂ ਵਿਚ ਵੰਡਿਆ ਗਿਆ। ਇਸ ਸੂਚੀ ਵਿਚ ''ਆਮ ਲੋਕ'' ਸ਼ਾਮਿਲ ਹਨ ਜਿਨ੍ਹਾਂ ਦੀ ਪਛਾਣ ਉਨ੍ਹਾਂ ਦੇ ਪਰਿਵਾਰਾਂ ਦੇ ਮੁਖੀਆਂ ਦੇ ਨਾਵਾਂ ਨਾਲ (7:7–25) ਅਤੇ ਉਨ੍ਹਾਂ ਦੇ ਕਸਬਿਆਂ ਨਾਲ ਸਬੰਧਿਤ ਸੀ (7:26–38)। ਫਿਰ ਇਸ ਵਿਚ ਹੈਕਲ ਲਈ ਅਰਪੇ ਗਏ ਲੋਕਾਂ **ਜਾਜਕ** (7:39–42), **ਲੇਵੀ** (7:43), **ਰਾਗੀ** (7:44), **ਦਰਬਾਨ** (7:45), **ਨਤੀਨੀਮ** (7:46–56), **ਸੁਲੇਮਾਨ ਦੇ ਟਹਿਲੂਆਂ ਦੀ ਵੰਸ** (7:57–60) ਦੇ ਨਾਂਅ ਹਨ। ਫਿਰ ਸੂਚੀ ਵਿਚ ਬਿਨਾਂ ਪਛਾਣ ਵਾਲੇ ਲੋਕਾਂ ਦੇ ਭਾਵ ਜਿਹੜੇ ਇਹ ਸਾਬਤ ਨਹੀਂ ਕਰ ਸਕਦੇ ਸਨ ਕਿ ਉਹ

ਇਸਰਾਏਲੀ ਪੂਰਵਜਾਂ ਦੀ ਸੰਤਾਨ ਹਨ (7:61, 62) ਅਤੇ ਕੁਝ **ਜਾਜਕਾਂ** ਦੇ ਨਾਂਅ ਹਨ ਜਿਹੜੇ ਆਪਣੀਆਂ ਵੰਸ਼ਾਵਲੀਆਂ ਸਾਬਤ ਨਹੀਂ ਕਰ ਸਕਦੇ ਸਨ ਅਤੇ ਇਸ ਕਰਕੇ ਉਹ ਆਰਜ਼ੀ ਤੌਰ ਤੇ **ਜਾਜਕਾਈ ਵਿੱਚੋਂ ਕੱਢੇ ਗਏ** (7:63–65) ਸਨ। ਹਰੇਕ ਪਰਿਵਾਰ ਦੇ ਸਮੂਹ ਲਈ, ਵਾਪਸ ਆਉਣ ਵਾਲਿਆਂ ਦੀ ਗਿਣਤੀ ਦਰਜ ਕੀਤੀ ਗਈ। ਵਾਪਸ ਆਉਣ ਵਾਲਿਆਂ ਦੀ ਕੁੱਲ ਗਿਣਤੀ **ਬਤਾਲੀ ਹਜ਼ਾਰ ਤਿੰਨ ਸੌ ਸੱਠ** (7:66) ਸੀ।[10] ਇਸ ਵੇਰਵੇ ਵਿਚ ਘਰੇਲੂ **ਗੌੱਲੇ ਅਤੇ ਗੋੱਲੀਆਂ** ਅਤੇ **ਰਾਗੀ ਅਤੇ ਰਾਗਣਾਂ** ਦੀ ਗਿਣਤੀ ਵੀ ਦਿੱਤੀ ਗਈ ਹੈ ਜਿਹੜੇ ਆਪਣੇ **ਘੋੜੇ**, **ਖੱਚਰਾਂ**, **ਊਠ** ਅਤੇ ਗਦਹੇ ਲੈ ਕੇ ਫ਼ਲਸਤੀਨ ਨੂੰ ਯਹੂਦੀਆਂ ਨਾਲ ਵਾਪਸ ਆਏ ਸਨ (7:67–69)।[11] ਕੁੱਲ ਮਿਲਾ ਕੇ ਇਸ ਹਿਸਾਬ ਦੇ ਮੁਤਾਬਕ ਜ਼ਰੁੱਬਾਬਲ ਦੇ ਨਾਲ 50,000 ਦੇ ਕਰੀਬ ਲੋਕ ਵਾਪਸ ਆਏ।

ਇਸ ਸਭ ਤੋਂ ਇਲਾਵਾ, **ਹਾਕਮ**[12] **ਪਿਉ ਦਾਦਿਆਂ ਦੇ ਮੁਖੀਆਂ** ਅਤੇ **ਲੋਕਾਂ** ਵੱਲੋਂ ਕੀਤੇ ਜਾਣ ਵਾਲੇ **ਕੰਮ ਲਈ** (ਹੈਕਲ ਦੀ ਉਸਾਰੀ ਲਈ) ਦਾ ਹਿਸਾਬ ਦਿੱਤਾ ਗਿਆ ਹੈ (7:70–72)। ਇਹ ਦਸਤਾਵੇਜ਼ ਇਹ ਦੱਸਣ ਨਾਲ ਖ਼ਤਮ ਹੁੰਦਾ ਹੈ ਕਿ ਵਾਪਸ ਆਉਣ ਵਾਲੇ **ਆਪੋ ਆਪਣੇ ਸ਼ਹਿਰਾਂ ਵਿਚ ਵੱਸ ਗਏ** (7:73)[13] ਜਿਸ ਤੋਂ ਪਤਾ ਲਗਦਾ ਹੈ ਕਿ ਯਰੂਸ਼ਲਮ ਵਿਚ ਐਨੇ ਘੱਟ ਲੋਕ ਕਿਉਂ ਰਹਿੰਦੇ ਸਨ।

ਇਹ ਨਹੀਂ ਦੱਸਿਆ ਕਿ ਇਹ ਹਵਾਲਾ ਇਸ ਦੇ ਸੰਦਰਭ ਨਾਲ ਕਿਵੇਂ ਜੁੜਦਾ ਹੈ। ਸ਼ਾਇਦ ਪਾਠਕ ਤੋਂ ਇਹ ਨਿਚੋੜ ਕੱਢਣ ਦੀ ਉਮੀਦ ਕੀਤੀ ਜਾਂਦੀ ਹੈ ਕਿ ਲੋਕਾਂ ਨੂੰ ''ਕੁਲ ਪਤਰੀ ਦੇ ਅਨੁਸਾਰ ਗਿਣੇ ਜਾਣ'' ਲਈ ਇਕੱਠੇ ਕਰਦਿਆਂ ਨਹਮਯਾਹ ਨੇ ਇਸ ਰਿਕਾਰਡ ਦੀ ਵਰਤੋਂ ਕੀਤੀ (7:5)। ਇਹ ਇਸਰਾਏਲ ਕੌਮ ਦਾ ਹਿੱਸਾ ਬਣਨ ਦੇ ਉਨ੍ਹਾਂ ਦੇ ਦਾਅਵੇ ਦੀ ਪ੍ਰਮਾਣਿਕਤਾ ਦਾ ਸਬੂਤ ਜਾਂ ਇਨਕਾਰ ਹੋ ਸਕਦਾ ਸੀ। ਉਦਾਹਰਣ ਲਈ ਜੇ ਕਿਸੇ ਨੇ ਕਿਹਾ, '''ਮੈਂ ਜ਼ੱਕਈ ਦੇ ਖਾਨਦਾਨ ਵਿੱਚੋਂ ਯਹੂਦੀ ਹਾਂ,'' ਤਾਂ ਉਸ ਤੋਂ ਆਪਣੇ ਖਾਨਦਾਨ ਨੂੰ ਸਾਬਿਤ ਕਰਨ ਲਈ ਦਸਤਾਵੇਜ਼ ਮੰਗੇ ਜਾ ਸਕਦੇ ਸਨ। ਫਿਰ ਜੇ ਕਿਸੇ ਨੇ ਕਾਗਜ਼ ਵਿਖਾ ਦਿੱਤੇ ਕਿ ਜ਼ੱਕਈ ਬਾਬਲ ਤੋਂ ਵਾਪਸ ਆਉਣ ਵਾਲਿਆਂ ਵਿੱਚੋਂ ਇਕ ਸੀ, ਤਾਂ ਉਸ ਨੂੰ ਯਹੂਦੀ ਕਬੂਲਿਆ ਜਾ ਸਕਦਾ ਸੀ ਅਤੇ ਯਰੂਸ਼ਲਮ ਵਿਚ ਰਹਿਣ ਦੇ ਯੋਗ ਮੰਨਿਆ ਜਾ ਸਕਦਾ ਸੀ।

## ਸਤਵੇਂ ਮਹੀਨੇ ਦਾ ਆਉਣਾ (7:73)

73... **ਅਤੇ ਜਦੋਂ ਸੱਤਵਾਂ ਮਹੀਨਾ ਆਇਆ ਤਾਂ ਇਸਰਾਏਲੀ ਆਪਣਿਆਂ ਸ਼ਹਿਰਾਂ ਵਿਚ ਸਨ।**

**ਆਇਤ 73.** ਅਧਿਆਇ 7 ਦੀ ਇਹ ਅੱਧੀ ਆਇਤ ਅਧਿਆਇ 8 ਦੇ ਵਿਰਤਾਂਤ ਦੀ ਹੈ। ਲੋਕ **ਆਪਣਿਆਂ ਸ਼ਹਿਰਾਂ ਵਿਚ ਸਨ**। ਪਰ ਉਹ ਯਰੂਸ਼ਲਮ ਵਿਚ ''ਇਕ ਮਨ ਹੋ ਕੇ ਇਕੱਠੇ ਹੋਏ (8:1)। 8:2 ਦੇ ਮੁਤਾਬਕ, ਅਧਿਆਇ 8 ਵਾਲੀ ਸਭਾ **ਸਤਵਾਂ ਮਹੀਨਾ** (ਤਿਸ਼ਰੀ) ਦੀ ਪਹਿਲੀ ਤਰੀਕ ਨੂੰ ਜੋ ਕਿ ਸਾਫ਼ ਤੌਰ ਤੇ ''ਅਲੂਲ *[ਭਾਵ ਛੇਵੇਂ ਮਹੀਨੇ]* ਦੇ ਮਹੀਨੇ ਦੀ ਪੰਝੀ ਤਰੀਕ'' (6:15) ਨੂੰ ਉਸਾਰੀ ਦੇ ਕੰਮ ਦੇ ਪੂਰਾ ਹੋਣ ਤੋਂ ਹਫ਼ਤੇ ਤੋਂ ਵੀ ਘੱਟ ਸਮੇਂ ਵਿਚ ਹੋਈ।

ਯਹੂਦੀ ਧਾਰਮਿਕ ਕਲੰਡਰ ਵਿਚ ਸਤਵੇਂ ਮਹੀਨੇ ਦੀ ਬੜੀ ਅਹਿਮੀਅਤ ਹੈ। ਸ਼ੋਵਿੱਲ ਵੱਲੋਂ ਇਸ ਦੇ ਮਹੱਤਵ ਦਾ ਚੰਗਾ ਵੇਰਵਾ ਦਿੱਤਾ ਗਿਆ ਹੈ:

> ਯਹੂਦੀ ਧਰਮ ਵਿਚ ਧਾਰਮਿਕ ਗਤੀਵਿਧੀਆਂ ਲਈ ਤਿਸ਼ਰੀ (ਸਿਤੰਬਰ/ਅਕਤੂਬਰ) ਬਹੁਤ ਖ਼ਾਸ ਮਹੀਨਾ ਸੀ। ਲੇਵੀਆਂ 23:24, 26 ਅਤੇ 34 ਦੇ ਮੁਤਾਬਕ, ਇਨ੍ਹਾਂ ਘਟਨਾਵਾਂ ਵਿਚ ਪਹਿਲੇ ਦਿਨ ਤੁਰ੍ਹੀਆਂ ਦਾ ਪਰਬ (ਬਾਅਦ ਵਿਚ ਇਸ ਨੂੰ ਰੋਸ਼ ਹਸ਼ੰਨਾਹ ਨਵਾਂ ਸਾਲ ਦੇ ਨਾਂਅ ਨਾਲ ਜਾਣਿਆ ਗਿਆ) ਦਸਵੇਂ ਦਿਨ ਪ੍ਰਾਸਚਿਤ ਦਾ ਦਿਨ ਅਤੇ (ਯੋਮ ਕਿੱਪੁਰ) ਅਤੇ ਪੰਦਰ੍ਹਵੇਂ

ਦਿਨ ਦੇ ਸ਼ੁਰੂ ਹੋਣ ਤੇ ਡੇਰਿਆਂ (ਸੁਕੋਥ, ਜਾਂ ਤੰਬੂਆਂ) ਦਾ ਪਰਬ ਹੁੰਦੇ ਹਨ।[14]

ਸਤਵੇਂ ਮਹੀਨੇ ਦੀ ਪਹਿਲੀ ਤਰੀਕ ਨੂੰ ਹੋਣ ਵਾਲੀ ਸਭਾ ਤੋਂ ਬਾਅਦ ਨਵੇਂ ਸਿਰਿਉਂ ਸੁਧਾਰ ਦੀ ਗੱਲ ਕੰਧ ਦੇ ਬਣਾਏ ਜਾਣ ਜਿੰਨੀ ਹੀ (ਜਾਂ ਉਸ ਨਾਲੋਂ ਵੀ) ਅਹਿਮ ਸੀ।

## ਪ੍ਰਾਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪ: ਚੰਗਾ ਪ੍ਰਬੰਧ ਕਰਨਾ (ਅਧਿਆਏ 7)**

''ਲੀਡਰ'' ਉਹ ਹੁੰਦਾ ਹੈ ਜਿਹੜਾ ਆਪਣੇ ਮਕਸਦ ਨੂੰ ਹਾਸਿਲ ਕਰਨ ਲਈ ਇਰਾਦਤਨ ਜਾਂ ਜਾਣ ਬੁੱਝ ਕੇ ਦੂਜਿਆਂ ਦੀ ਅਗਵਾਈ ਕਰਦਾ ਜਾਂ ਦੂਜਿਆਂ ਦੇ ਕੰਮ ਦੀ ਅਗਆਈ ਕਰਦਾ ਜਾਂ ਉਨ੍ਹਾਂ ਨੂੰ ਦਿਸ਼ਾ ਦਿੰਦਾ ਹੈ। ਇਸ ਕਰਕੇ ਪ੍ਰਭਾਵਸਾਲੀ ਲੀਡਰ ਉਹ ਹੁੰਦਾ ਹੈ ਜਿਹੜਾ ਸਫ਼ਲਤਾ ਨਾਲ ਕੰਮ ਕਰਵਾਉਣ ਲਈ ਲੋਕਾਂ ਨੂੰ ਸੰਗਠਿਤ ਕਰ ਸਕੇ। ਉਹ ਨਾ ਸਿਰਫ਼ ਕੰਮ ਕਰਦਾ ਅਤੇ ਆਪਣੀ ਟੀਮ ਤੋਂ ਕੰਮ ਕਰਵਾਉਂਦਾ ਹੈ, ਬਲਕਿ ਉਹ ਉਸ ਕੋਸਿਸ਼ ਦਾ ਪ੍ਰਬੰਧ ਵੀ ਕਰਦਾ ਹੈ ਜਿਸ ਨਾਲ ਕੰਮ ਨੂੰ ਪ੍ਰਭਾਵਸ਼ਾਲੀ ਅਤੇ ਵਧੀਆ ਢੰਗ ਨਾਲ ਕੀਤਾ ਜਾ ਸਕੇ।

ਜੇ ਅਸੀਂ ਲੀਡਰਸ਼ਿਪ ਦੀ ਇਸ ਪਰਿਭਾਸ਼ਾ ਨਾਲ ਨਹਮਯਾਹ ਦਾ ਫ਼ੈਸਲਾ ਕਰੀਏ ਤਾਂ ਉਹ ਇਕ ਆਦਰਸ਼ ਲੀਡਰ ਸੀ। ਉਹ ਇਕ ਸ਼ਾਨਦਾਰ ਪ੍ਰਬੰਧਕ ਸੀ।

ਨਹਮਯਾਹ ਦੇ ਪ੍ਰਬੰਧ ਕਰਨ ਦੀ ਯੋਗਤਾ ਯਰੂਸ਼ਲਮ ਦੀ ਕੰਧ ਦੇ ਬਣਾਏ ਜਾਣ ਵਿਚ ਖ਼ਾਸ ਤੌਰ ਤੇ ਪਤਾ ਲਗਦੀ ਹੈ। ਆਧਿਆਇ 3 ਦੇ ਮੁਤਾਬਕ ਉਸ ਨੇ ਇਹ ਯਕੀਨੀ ਬਣਾਇਆ ਕਿ ਕੰਧ ਦੇ ਹਰ ਹਿੱਸੇ ਨੂੰ ਬਣਾਉਣ ਵਾਲੇ ਲੋਕਾਂ ਨੂੰ ਕੰਮ ਦਿੱਤਾ ਜਾਵੇ। ਇਸ ਤੋਂ ਇਲਾਵਾ ਉਸ ਨੇ ਇਹ ਸਮਝ ਕੇ ਕਿ ਲੋਕ ਜਿਸ ਹਿੱਸੇ ਦੀ ਸਭ ਤੋਂ ਵੱਧ ਪਰਵਾਹ ਕਰਦੇ ਹਨ ਉਹਦੇ ਲਈ ਸਭ ਤੋਂ ਵਧੀਆ ਕੰਮ ਕਰਨਗੇ, ਉਨ੍ਹਾਂ ਨੂੰ ਜਿੱਥੇ ਰਹਿੰਦੇ/ਅਤੇ ਜਾਂ ਕੰਮ ਕਰਦੇ ਸਨ, ਉਨ੍ਹਾਂ ਨੂੰ ਕੰਧ ਦੇ ਹਿਸਿੱਆਂ ਦੀ ਮੁਰੰਮਤ ਲਈ ਉਨ੍ਹਾਂ ਨੂੰ ਉੱਥੇ ਹੀ ਲਾ ਦਿੱਤਾ (ਵੇਖੋ 3:10, 21, 23, 28)।

ਜਿਸ ਤਰੀਕੇ ਨਾਲ ਨਹਮਯਾਹ ਨੇ ਯਹੂਦੀਆਂ ਦੇ ਦੁਸ਼ਮਣਾਂ ਦੀਆਂ ਧਮਕੀਆਂ ਤੇ ਪ੍ਰਤੀਕਿਰਿਆ ਦਿੱਤੀ ਉਸ ਤੋਂ ਉਸ ਦੇ ਵੱਡੇ ਪ੍ਰਬੰਧ ਕੌਸ਼ਲ ਦਾ ਪਤਾ ਲਗਦਾ ਹੈ। ਉਹਨੇ ਯਕੀਨੀ ਬਣਾਇਆ ਕਿ ਕੰਮ ਕਰਨ ਵਾਲੇ ਕੰਮ ਕਰਦਿਆਂ ਵੀ ਹਥਿਆਰਬੰਦ ਹੋਣ। ਉਸ ਨੇ ਕਮਾਂਡਰ ਲਾ ਦਿੱਤੇ, ਸੰਤਰੀ ਠਹਿਰਾ ਦਿੱਤੇ ਅਤੇ ਇਕ ਅਲਾਰਮ ਸਿਸਟਮ ਅਤੇ ਇਕ ਸਪੱਸ਼ਟ ਯੁੱਧ ਨੀਤੀ ਤਿਆਰ ਕੀਤੀ। ਲੋਕਾਂ ਦਾ ਮਨੋਬਲ ਉੱਚਾ ਰੱਖਣ, ਖ਼ਾਸਕਰ ਯਹੋਵਾਹ ਉੱਤੇ ਭਰੋਸਾ ਰੱਖਣ ਲਈ ਆਖਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਕਿਤੇ ਸ਼ਹਿਰ ਦੀ ਸੁਰੱਖਿਆ ਲਈ ਇਸ ਨਾਲੋਂ ਵਧੀਆ ਯੋਜਨਾ ਦੀ ਕਲਪਨਾ ਕਰਨੀ ਮੁਸ਼ਕਿਲ ਹੋਵੇਗੀ।

7:1–5 ਵਿਚ ਨਹਮਯਾਹ ਨੇ ਹਰ ਵੇਲੇ ਯਰੂਸ਼ਲਮ ਦੀ ਰੱਖਿਆ ਲਈ ਯੋਜਨਾ ਬਣਾ ਕੇ ਪ੍ਰਬੰਧ ਕਰਨ ਦੇ ਆਪਣੇ ਹੁਨਰ ਨੂੰ ਵੀ ਵਿਖਾਇਆ। ਉਸ ਨੇ ਸ਼ਹਿਰ ਅਤੇ ਉੱਥੇ ਰਹਿਣ ਵਾਲੇ ਹੋਰਨਾਂ ਲੋਕਾਂ ਦੀ ਰਖਵਾਲੀ ਲਈ ਆਦਮੀ ਨਿਯੁਕਤ ਕੀਤੇ। ਉਸ ਨੇ ਸ਼ਹਿਰ ਨੂੰ ਫੇਰ ਤੋਂ ਵਸਾਉਣ ਦਾ ਕੰਮ ਵੀ ਸ਼ੁਰੂ ਕੀਤਾ। ਇਨ੍ਹਾਂ ਮਾਮਲਿਆਂ ਵਿਚ ਉਸ ਦੀ ਕਾਬਲੀਅਤ ਅਤੇ ਨਿਰਣਾਇਕਤਾ ਸਾਫ਼ ਨਜ਼ਰ ਆਉਂਦੀ ਹੈ।

ਅੱਜ ਦੇ ਪ੍ਰਭਾਵਸ਼ਾਲੀ ਲੀਡਰਾਂ ਲਈ ਵੀ ਚੰਗੇ ਪ੍ਰਬੰਧ ਕਰਨ ਵਾਲੇ ਹੋਣਾ ਜ਼ਰੂਰੀ ਹੈ। ਨਹਮਯਾਹ ਦੇ ਤਰੀਕੇ ਤੋਂ ਲੋੜੀਂਦੀ ਅਗਵਾਈ ਮਿਲਦੀ ਹੈ।

*ਟੀਚੇ ਅਤੇ ਨਿਸ਼ਾਨੇ ਸਾਫ਼-ਸਾਫ਼ ਤੈਅ ਕਰੋ।* ਜਿਵੇਂ ਨਹਮਯਾਹ ਦਾ ਧਿਆਨ ਯਰੂਸ਼ਲਮ ਦੀ ਢੱਠੀ ਹੋਈ ਕੰਧ ਨੂੰ ਫੇਰ ਤੋਂ ਬਣਾਉਣ ਉੱਤੇ ਸੀ, ਉਵੇਂ ਹੀ ਅੱਜ ਦੇ ਲੀਡਰਾਂ ਨੂੰ ਵੀ ਬਿਲਕੁਲ ਉਹੀ ਪਤਾ ਹੋਣਾ ਜ਼ਰੂਰੀ ਹੈ ਜੋ ਉਹ ਹਾਸਲ ਕਰਨਾ ਚਾਹੁੰਦੇ ਹਨ।

*ਜੋ ਕੁਝ ਕੀਤਾ ਜਾਣਾ ਜ਼ਰੂਰੀ ਹੈ ਅਤੇ ਉਸ ਨੂੰ ਕਰਨ ਲਈ ਜੋ ਜੋ ਸਾਧਨ ਮੌਜੂਦ ਹਨ (ਬੰਦਿਆਂ ਸਣੇ) ਉਨ੍ਹਾਂ ਦੀ ਬਿਲਕੁਲ ਸਹੀ-ਸਹੀ ਸਮਝ ਦੀ ਜਾਣਕਾਰੀ ਲਵੋ।* ਜਿਵੇਂ ਨਹਮਯਾਹ ਨੇ ਆਪਣੀ ਯੋਜਨਾ ਜ਼ਾਹਿਰ ਕਰਨ ਤੋਂ ਪਹਿਲਾਂ ਕੰਧ ਦਾ ਨਿਰੀਖਣ ਕੀਤਾ, ਉਵੇਂ ਹੀ ਅੱਜ ਦੇ ਆਗੂਆਂ ਨੂੰ ਪਹਿਲਾਂ ਕੀਤੇ ਜਾਣ ਵਾਲੇ ਕੰਮ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਕੀ ਕਰਨਾ ਪਵੇਗਾ ਤਾਂ ਜੋ ਅਜਿਹਾ ਨਾ ਹੋਏ ਕਿ ਉਹ ਕੰਮ ਸ਼ੁਰੂ ਤਾਂ ਕਰ ਲੈਣ ਪਰ ਉਸ ਨੂੰ ਪੂਰਾ ਨਾ ਕਰ ਸਕਣ (ਵੇਖੋ ਲੂਕਾ 14:28-30)।

*ਕੰਮ ਦੀ ਤਿਆਰੀ ਕਰੋ ਤਾਂ ਜੋ ਪ੍ਰੋਜੈਕਟ ਦਾ ਹਰ ਹਿੱਸਾ ਪੂਰਾ ਹੋ ਜਾਵੇ।* ਇਸੇ ਤਰ੍ਹਾਂ ਨਾਲ ਨਹਮਯਾਹ ਨੇ ਕੰਮ ਨੂੰ ਪੂਰਾ ਕਰਨ ਵਾਲਿਆਂ ਨੂੰ ਸੰਗਠਿਤ ਕੀਤਾ, ਤਾਂ ਜੋ ਕੰਧ ਦੇ ਹਰ ਹਿੱਸੇ ਦੀ ਮੁਰੰਮਤ ਦਾ ਕੰਮ ਕਿਸੇ ਨਾ ਕਿਸੇ ਨੂੰ ਮਿਲ ਜਾਵੇ। ਇਸੇ ਤਰ੍ਹਾਂ ਅੱਜ ਆਗੂਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੰਮ ਦੇ ਹਰ ਹਿੱਸੇ ਨੂੰ ਕੋਈ ਨਾ ਕੋਈ ਕਰਨ ਵਾਲਾ ਹੋਵੇ। ਆਮ ਤੌਰ ਤੇ ਇਹਦੇ ਲਈ ਪੂਰੇ ਪ੍ਰੋਜੈਕਟ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡ ਕੇ ਹਰ ਹਿੱਸੇ ਨੂੰ ਪੂਰਾ ਕਰਨ ਦਾ ਜ਼ਿੰਮਾ ਕਿਸੇ ਜ਼ਿੰਮੇਵਾਰ ਆਦਮੀ ਨੂੰ ਦਿੱਤਾ ਜਾਣਾ ਜ਼ਰੂਰੀ ਹੁੰਦਾ ਹੈ।

*ਜਿਸ ਕੰਮ ਨੂੰ ਕੋਈ ਸਭ ਤੋਂ ਵਧੀਆ ਤਰੀਕੇ ਨਾਲ ਕਰ ਸਕਦਾ ਹੋਵੇ ਓਸੇ ਕੰਮ ਨੂੰ ਕਰਨ ਵਾਲੇ ਲੋਕ ਲੱਭੋ।* ਨਹਮਯਾਹ ਨੇ ਬੜੇ ਧਿਆਨ ਨਾਲ ਕੰਧ ਦੇ ਮੁਰੰਮਤ ਕੀਤੇ ਜਾਣ ਵਾਲੇ ਹਿੱਸਿਆਂ ਉੱਤੇ ਲੋਕਾਂ ਨੂੰ ਲਾਇਆ, ਅਤੇ ਅੱਜ ਦੇ ਆਗੂਆਂ ਨੂੰ ਵੀ ਕੀਤੇ ਜਾਣ ਵਾਲੇ ਕੰਮਾਂ ਲਈ ਲੋਕਾਂ ਨੂੰ ਲਾਉਣ ਲੱਗਿਆਂ ਸਮਝਦਾਰੀ ਵਰਤਣੀ ਜ਼ਰੂਰੀ ਹੈ। ਲੋਕਾਂ ਨੂੰ ਵੱਖੋ-ਵੱਖ ਤੋੜੇ ਜਾਂ ਦਾਨ ਮਿਲੇ ਹਨ (ਵੇਖੋ ਰੋਮੀਆਂ 12:3-8; 1 ਕੁਰਿੰਥੀਆਂ 12:4-31)। ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਹਰ ਵਿਅਕਤੀ ਦੀ ਯੋਗਤਾ ਦਾ ਪਤਾ ਲਾ ਕੇ ਕੰਮ ਕਰਨ ਵਾਲਿਆਂ ਨੂੰ ਇਹ ਵੇਖਣ ਦੀ ਕੋਸ਼ਿਸ਼ ਕਰਨ ਕਿ ਕਿਹੜਾ ਕੰਮ ਕੋਈ ਕਿੰਨੇ ਵਧੀਆ ਤਰੀਕੇ ਨਾਲ ਕਰ ਸਕਦਾ ਹੈ।

*ਮਨੋਬਲ ਉੱਚਾ ਰੱਖਣ, ਲੋਕਾਂ ਨੂੰ ਕੰਮ ਤੇ ਲਾਈ ਰੱਖਣ ਦੇ ਤਰੀਕਿਆਂ ਤੇ ਵਿਚਾਰ ਕਰੋ।* ਨਹਮਯਾਹ ਲਗਾਤਾਰ ਖ਼ੁਦਾ ਅੱਗੇ ਦੁਆ ਕਰਦਾ ਰਿਹਾ ਅਤੇ ਉਸਾਰੀ ਕਰਨ ਵਾਲਿਆਂ ਨੂੰ ਹੱਲਾ-ਸ਼ੇਰੀ ਦਿੰਦਾ ਰਿਹਾ। ਅੱਜ ਮਸੀਹੀ ਆਗੂਆਂ ਨੂੰ ਕੰਮ ਕਰਨ ਵਾਲੇ ਹਰ ਕਿਸੇ ਨੂੰ ਪ੍ਰੇਰਣਾ ਅਤੇ ਹੱਲਾਸ਼ੇਰੀ ਦਿੰਦੇ ਰਹਿਣਾ ਜ਼ਰੂਰੀ ਹੈ।

*ਸ਼ੁਰੂਆਤੀ ਟੀਚੇ ਪੂਰੇ ਹੋ ਜਾਣ ਤੇ ਹੋਰਨਾਂ ਚੁਣੌਤੀਆਂ ਬਾਰੇ ਧਿਆਨ ਦਿਓ।* ਨਹਮਯਾਹ ਦੀਆਂ ਯੋਜਨਾਵਾਂ ਭਾਵੇਂ ਕੰਮ ਕਰ ਰਹੀਆਂ ਸਨ ਪਰ ਉਸ ਨੇ ਯਰੂਸ਼ਲਮ ਦੀ ਬਹਾਲੀ ਵਿਚ ਹੋਰ ਮੁਸ਼ਕਿਲਾਂ ਵੀ ਵੇਖੀਆਂ। ਉਸ ਨੇ ਸੁਰੱਖਿਆ ਮੁਹੱਈਆ ਕਰਵਾਉਣ ਅਤੇ ਸ਼ਹਿਰ ਦੀ ਅਬਾਦੀ ਵਧਾਉਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋਕਾਂ ਨੂੰ ਸੰਗਠਿਤ ਕਰਨ ਦੇ ਕਦਮ ਚੁੱਕੇ। ਇਸੇ ਤਰ੍ਹਾਂ ਅੱਜ ਵੀ ਆਗੂ ਮੁੱਖ ਟੀਚੇ ਦੇ ਪੂਰਾ ਹੋ ਜਾਣ ਤੇ ਕੰਮ ਕਰਨਾ ਬੰਦ ਨਹੀਂ ਕਰ ਕਰਦੇ।

ਜੇ ਕੋਈ ਆਖੇ, ''ਮੇਰੇ ਅੰਦਰ ਪ੍ਰਬੰਧ ਕਰਨ ਦੇ ਹੁਨਰ ਨਹੀਂ ਹਨ''? ਕਈ ਲੋਕ ਕੁਦਰਤੀ ਤੌਰ ਤੇ ਜਮਾਂਦਰੂ ਲੀਡਰ ਲਗਦੇ ਹਨ ਪਰ ਪ੍ਰਬੰਧ ਕਰਨ ਦੀ ਯੋਗਤਾ ਵਿਖਾਉਣ ਵਿਚ ਜਾਂ ਤਾਂ ਢਿੱਲੇ ਹੁੰਦੇ ਹਨ ਜਾਂ ਬਿਲਕੁਲ ਨਹੀਂ ਵਿਖਾਉਂਦੇ। ਉਨ੍ਹਾਂ ਨੂੰ ਪ੍ਰੇਰਣਾਦਾਇਕ ਆਗੂ ਕਿਹਾ ਜਾ ਸਕਦਾ ਹੈ; ਉਹ ਲੋਕਾਂ ਨੂੰ ਕੰਮ ਕਰਨ ਲਈ ਲਾ ਤਾਂ ਸਕਦੇ ਹਨ ਪਰ ਕਿਸੇ ਕੰਮ ਨੂੰ ਪੂਰਾ ਕਰਨ ਲਈ ਮਿਲ ਕੇ ਕੰਮ ਕਰਨ ਲਈ ਸੰਗਠਿਤ ਨਹੀਂ ਕਰ ਸਕਦੇ। ਇਕ ਹੱਲ ਲੋਕਾਂ ਨੂੰ ਪ੍ਰੇਰਣਾ ਦੇਣ ਵਾਲੇ ਆਗੂ ਨੂੰ ਚੰਗਾ ਪ੍ਰਬੰਧਕ ਬਣਨਾ ਸਿਖਾਉਣਾ ਹੈ। ਅਜਿਹੇ ਹੁਨਰ ਸਿੱਖੇ ਜਾ ਸਕਦੇ ਹਨ। ਉਹਦੇ ਲਈ ਇਕ ਹੋਰ ਬਦਲ ਇਹ ਹੈ ਕਿ ਉਸ ਵਿਚ ਐਨੀ ਸਮਝ ਹੋਵੇ ਕਿ ਉਹ ਨਾਲ ਦੇ ਕੰਮ ਕਰਨ ਵਾਲਿਆਂ ਨਾਲ ਆਪਣੇ ਆਪ ਨੂੰ ਰਲਾ ਸਕੇ ਜਿਸ ਨਾਲ ਉਨ੍ਹਾਂ ਦੀਆਂ ਕਮੀਆਂ ਪੂਰੀਆਂ ਹੋ ਜਾਣ। ਫਿਰ ਉਹ ਦੂਜਿਆਂ ਨੂੰ ਕੰਮ ਦਾ ਹਿੱਸਾ ਬਣਨ ਦੀ ਇੱਛਾ ਜਗਾਉਣ ਦੀ ਪ੍ਰੇਰਣਾ ਦੇ ਸਕਦਾ ਹੈ ਅਤੇ ਉਸ ਦੇ ਸਹਿਯੋਗੀ ਉਨ੍ਹਾਂ ਨੂੰ ਕੰਮ

ਤੇ ਲਾਉਣ ਦੀ ਯੋਜਨਾ ਬਣਾ ਸਕਦੇ ਹਨ।

ਨਹਮਯਾਹ ਚੰਗਾ ਪ੍ਰੇਰਣਾ ਦੇਣ ਵਾਲਾ ਵੀ ਸੀ ਅਤੇ ਯੋਗ ਪ੍ਰਬੰਧਕ ਵੀ। ਹਰ ਕਿਸੇ ਵਿਚ ਇਹ ਦੋਵੇਂ ਗੁਣ ਪੈਦਾਇਸ਼ੀ ਨਹੀਂ ਹੁੰਦੇ, ਪਰ ਆਗੂ ਲਈ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੀ ਉਹ ਅਗਵਾਈ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਪ੍ਰੇਰਣਾ ਦੇਣ ਦੇ ਨਾਲ ਨਾਲ ਸੰਗਠਿਤ ਕਰਨ ਦੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ।

*ਸਾਰ।* ਕਿਸੇ ਕੰਮ ਦੇ ਸੰਤੋਸ਼ਜਨਕ ਢੰਗ ਨਾਲ ਪੂਰਾ ਹੋਣ ਲਈ ਉਸ ਦੀ ਯੋਜਨਾ ਅਤੇ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ। ਕਲੀਸੀਆ ਵਿਚ ਪ੍ਰਭਾਵਸ਼ਾਲੀ ਲੀਡਰ ਇਸ ਗੱਲ ਨੂੰ ਵੇਖ ਸਕਦਾ ਹੈ ਕਿ ਸਫ਼ਲਤਾ ਲਈ ਇਕ ਸੰਗਠਿਤ ਨੀਤੀ ਅਮਲ ਵਿਚ ਲਿਆਂਦੀ ਜਾਵੇ। ਉਹ ਇਹ ਕਹਾਵਤ ਦਾ ਅਰਥ ਜਾਣਦਾ ਹੈ, ''ਪਹਿਲਾਂ ਕੰਮ ਦੀ ਯੋਜਨਾ ਬਣਾਓ। ਉਹਦੇ ਬਾਅਦ ਯੋਜਨਾ ਤੇ ਕੰਮ ਕਰੋ।''

### ''ਮੇਰੇ ਪਰਮੇਸ਼ੁਰ ਨੇ ਮੇਰੇ ਮਨ ਵਿਚ ਪਾਇਆ'' (7:5)

ਨਹਮਯਾਹ ਨੇ ਦਾਅਵਾ ਕੀਤਾ ਕਿ ਲੋਕਾਂ ਦੇ ਖਾਨਦਾਨਾਂ ਦੇ ਮੁਤਾਬਕ ਉਨ੍ਹਾਂ ਦੀ ਹਾਜ਼ਰੀ ਲਾਉਣ ਦੀ ਗੱਲ ਖ਼ੁਦਾ ਨੇ ਉਹ ਦੇ ਮਨ ਵਿਚ ਪਾਈ (7:5)। ਉਹਦਾ ਮੰਨਣਾ ਸੀ ਕਿ ਯਹੂਦਾਹ ਵਿਚ ਰਹਿਣ ਵਾਲਿਆਂ ਦੀ ਖਾਨਦਾਨੀ ਨਿਰਧਾਰਿਤ ਕਰਨ ਲਈ ਮਰਦਮਸ਼ੁਮਾਰੀ ਕਰਨ ਲਈ ਯਹੋਵਾਹ ਉਸ ਦੀ ਅਗਵਾਈ ਕਰ ਰਿਹਾ ਸੀ। ਇਸ ਜਾਣਕਾਰੀ ਨਾਲ ਉਹ ਵਫ਼ਾਦਾਰ ਯਹੂਦੀਆਂ ਨਾਲ ਯਰੂਸ਼ਲਮ ਸ਼ਹਿਰ ਨੂੰ ਵਸਾਉਣ ਦਾ ਕੰਮ ਕਰ ਸਕਦਾ ਸੀ। ਉਹਨੇ ਆਪਣੇ ਪਾਠਕਾਂ ਨੂੰ ਇਹ ਯਕੀਨ ਦੁਆਉਣ ਲਈ ਇਹ ਗੱਲ ਜੋੜੀ ਹੋ ਸਕਦੀ ਹੈ ਕਿ ਮਰਦਮਸ਼ੁਮਾਰੀ ਕਰਨ ਦਾ ਵਿਚਾਰ ਉਹਦੇ ਮਨ ਵਿਚ ਦਾਊਦ ਦੇ ਮਨ ਵਿਚ ਪਾਉਣ ਵਾਂਗ, ਸ਼ਤਾਨ ਨੇ ਨਹੀਂ ਪਾਇਆ ਸੀ ਜਿਸ ਦੇ ਬੜੇ ਭਿਆਨਕ ਨਤੀਜੇ ਹੋਏ ਸਨ (1 ਇਤਹਾਸ 21:1, 14–17; ਵੇਖੋ 2 ਸਮੂਏਲ 24:1, 15–17)।

ਭਲਾ ਖ਼ੁਦਾ ਰੋਜ਼ਮੱਰਾ ਦੇ ਫ਼ੈਸਲੇ ਲੈਣ ਵਿਚ ਅੱਜ ਵੀ ਲੋਕਾਂ ਦੀ ਅਗਵਾਈ ਕਰਦਾ ਹੈ? ਖ਼ੁਦਾ ਹੁਣ ਚਮਤਕਾਰੀ ਢੰਗ ਨਾਲ ਸਾਡੀ ਅਗਵਾਈ ਨਹੀਂ ਕਰਦਾ ਭਾਵ ਸਾਡੇ ਨਾਲ ''ਹੌਲੀ ਅਤੇ ਨਿੰਮੀ ਅਵਾਜ਼'' ਵਿਚ ਏਲੀਆ ਨਾਲ (1 ਰਾਜਿਆਂ 19:12; KJV), ਜਾਂ ਰਾਤ ਨੂੰ ਸਾਨੂੰ ਦਰਸ਼ਣ ਦੇ ਕੇ ਗੱਲ ਕਰਨ ਵਾਂਗ ਨਹੀਂ, ਬਲਕਿ ਉਹ ਸਾਡੀ ਅਗਵਾਈ ਰੱਬੀ ਇੰਤਜ਼ਾਮ ਦੇ ਰਾਹੀਂ ਕਰਦਾ ਹੈ। ਇਸ ਕਰਕੇ ਅਸੀਂ ਦੁਆ ਕਰਦੇ ਹਾਂ, ''ਸਾਨੂੰ ਪਰਤਾਵੇ ਵਿਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ'' (ਮੱਤੀ 6:13)। ਪੌਲੁਸ ਨੇ ਲਿਖਿਆ ਕਿ ''ਪਰਮੇਸ਼ੁਰ ਦੇ ਪੁੱਤਰ ਪਰਮੇਸ਼ੁਰ ਦੀ ਅਗਵਾਈ ਦੇ ਨਾਲ ਚਲਦੇ ਹਨ'' (ਰੋਮੀਆਂ 8:14)। ਜਦ ਸਾਨੂੰ ਸਹੀ ਪਸੰਦ ਦੀ ਚੋਣ ਕਰਨੀ ਪੈਂਦੀ ਹੈ ਤਾਂ ਸਾਨੂੰ ਬੜੇ ਧਿਆਨ ਨਾਲ ਉਨ੍ਹਾਂ ਤੇ ਵਿਚਾਰ ਕਰਕੇ ਖ਼ੁਦਾ ਦੀ ਅਗਵਾਈ ਲਈ ਦੁਆ ਕਰਨੀ ਚਾਹੀਦੀ ਹੈ।

ਪਰ ਜ਼ਰੂਰੀ ਨਹੀਂ ਕਿ ਸਾਡੇ ਮਨ ਵਿਚ ਆਉਣ ਵਾਲਾ ਹਰ ਖ਼ਿਆਲ ਖ਼ੁਦਾ ਵੱਲੋਂ ਹੋਵੇ। ਜੇ ਅਸੀਂ ਸ਼ਤਾਨ ਨੂੰ ਆਪਣੇ ਮਨ ਵਿਚ ਆਉਣ ਦਿੰਦੇ ਹਾਂ ਤਾਂ ਉਹ ਸਾਡੇ ਮਨਾਂ ਵਿਚ ਵਿਚਾਰ ਪਾ ਦਵੇਗਾ। ਪੌਲੁਸ ਨੇ ਚਿਤਾਵਨੀ ਦਿੱਤੀ, ''ਨਾ ਸ਼ਤਾਨ ਨੂੰ ਥਾਂ ਦਿਓ'' (ਅਫ਼ਸੀਆਂ 4:27)। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਸਾਡੀ ਅਗਵਾਈ ਸ਼ਤਾਨ ਕਰ ਰਿਹਾ ਹੈ ਜਾਂ ਖ਼ੁਦਾ? ਇਹ ਪਰਖਣ ਲਈ ਕਿ ਜੋ ਕੁਝ ਅਸੀਂ ਕਰਨ ਦੀ ਅਸੀਂ ਸੋਚ ਰਹੇ ਹਾਂ ਉਹ ਸਹੀ ਹੈ ਜਾਂ ਨਹੀਂ, ਖ਼ੁਦਾ ਦੇ ਪਰਗਟ ਕੀਤੇ ਵਚਨ, ਬਾਈਬਲ ਵਿੱਚੋਂ ਵੇਖੋ। ਜੇ ਸੁਝਾਈ ਗਈ ਯੋਜਨਾ ਖ਼ੁਦਾ ਦੇ ਵਚਨ ਦਾ ਉਲੰਘਣ ਕਰਦੀ ਹੈ, ਤਾਂ ਅਸੀਂ ਪੱਕਾ ਜਾਣ ਸਕਦੇ ਹਾਂ ਕਿ ਇਹ ਖ਼ੁਦਾ ਵੱਲੋਂ ਨਹੀਂ ਹੈ।

---

ਟਿੱਪਣੀਆਂ

[1]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ

ਇੰਟਰਨੈਸ਼ਨਲ ਬਾਈਬਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 121. [2]ਇਸ ਪਾਠ ਦੇ ਸਮਰਥਨ ਵਿਚ ਰੇਮੰਡ ਏ. ਬੋਮੈਨ ਦਾ ਕਹਿਣਾ ਹੈ ਕਿ ਦੋਹਾਂ ਨਾਵਾਂ ਨੂੰ ਜੋੜਨ ਵਾਲਾ ਯੋਜਕ ਸ਼ਬਦ ''ਅਤੇ'' ਵਿਆਖਿਆਤਮਕ ਹੈ। (*ਦ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਜੌਰਜ ਆਰਥਰ ਬਟ੍ਰਿਕ [ਨਿਊ ਯਾਰਕ: ਅਬਿੰਗਡਨ ਪ੍ਰੈੱਸ, 1954], 3:724 ਵਿਚ ਰੇਮੰਡ ਏ. ਬੋਮੈਨ, ''ਨਹਮਯਾਹ।'')ਰਾਲਫ ਡਬਲਯੂ. ਕਲੇਨ ਦਾ ਵਿਚਾਰ ਹੈ ਕਿ ਇਹ ਸ਼ਬਦ ਬਾਅਦ ਦੇ ਕਿਸੇ ਗ੍ਰੰਥੀ ਵੱਲੋਂ ਜੋੜੇ ਗਏ। ਉਸ ਨੇ ਕਿਆਸ ਲਾਇਆ, ''ਆਇਤ 2 ਵਿਚ ਇਕ ਵਿਆਖਿਆਤਮਕ ਟੀਕਾ ਦੇ ਰੂਪ ਵਿਚ 'ਹਨੱਨਯਾਹ''' ਦਾ ਨਾਂਅ ਮਿਟਾ ਦਿੱਤੇ ਜਾਣ ਦੀ ਲੋੜ ਹੈ। (*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਲਿਏਂਡਰ ਈ. ਕੇੱਕ [ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999], 3:793 ਵਿਚ ਰਾਲਫ ਡਬਲਯੂ. ਕਲੇਨ, ''ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ।'') [3]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 716 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [4]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 270. [5]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 103. [6]ਵਿਲੀਅਮਸਨ, 266. [7]ਐੱਫ਼. ਚਾਰਲਸ ਫੈਂਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 211. [8]ਕਿਡਨਰ, 103. [9]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 206. [10]ਟੋਟਲ ਭਾਂਵੇਂ 42, 360 ਦਿੱਤਾ ਗਿਆ ਪਰ 7:7–65 ਵਿਚ ਬੰਦਿਆਂ ਦਾ ਜੋੜ 31, 089 ਹੈ। ਇਸ ਫ਼ਰਕ ਦੀ ਇਕ ਵਿਆਖਿਆ ਲਈ, ਅਜ਼ਰਾ 2:64 ਤੇ ਟਿੱਪਣੀਆਂ ਵੇਖੋ। ਅਜ਼ਰਾ 2 ਵਿਚਲੇ ਲੋਕਾਂ ਦੀ ਗਿਣਤੀ ਅਤੇ ਨਹਮਯਾਹ 7 ਵਿਚਲੇ ਲੋਕਾਂ ਦੀ ਗਿਣਤੀ ਵਿਚਕਾਰ ਫ਼ਰਕ ਨੂੰ ਮੁੱਖ ਤੌਰ ਤੇ ਗ੍ਰੰਥੀਆਂ ਦੀ ਗਲਤੀ ਦੇ ਰੂਪ ਵਿਚ ਸਮਝਾਇਆ ਜਾ ਸਕਦਾ ਹੈ।

[11]ਆਇਤ 68 ਜਿਸ ਵਿਚ ਯਹੂਦੀਆਂ ਵੱਲੋਂ ਆਪਣੇ ਨਾਲ ਲਿਆਂਦੇ ਗਏ ਘੋੜਿਆਂ ਅਤੇ ਖੱਚਰਾਂ ਦੀ ਗਿਣਤੀ ਹੈ, ਬਹੁਤੀਆਂ ਇਬਰਾਨੀ ਹੱਥਲਿਖਤਾਂ ਵਿਚ ਨਹੀਂ ਮਿਲਦੀ (ਵੇਖੋ NJB)। ਪਰ LXX ਵਿਚ ਇਹ ਮਿਲਦੀ ਹੈ ਅਤੇ ਕਈ ਇਬਰਾਨੀ ਹੱਥਲਿਖਤਾਂ ਵਿਚ ਇਹ ਮਿਲਦੀ ਹੈ। ਇਸ ਕਰਕੇ ਅੰਗ੍ਰੇਜ਼ੀ ਦੇ NASB ਅਤੇ ਬਹੁਤੇ ਸੰਸਕਰਣਾਂ ਵਿਚ ਇਸ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਆਇਤ ਅਜ਼ਰਾ 2:66 ਦੇ ਬਰਾਬਰ ਹੈ। [12]''ਹਾਕਮ'' ਲਈ ਇਬਰਾਨੀ ਸ਼ਬਦ *thirshatha'* (*ਤਿਰਸ਼ਾਤਾ*; ਵੇਖੋ KJV) ਇਕ ਫ਼ਾਰਸੀ ਅਹੁਦਾ ਸੀ। ਉਸ ਸਮੇਂ ''ਹਾਕਮ'' ਸੰਭਵ ਤੌਰ ਤੇ ਜ਼ਰੁੱਬਾਬਲ ਸੀ। [13]ਅਜ਼ਰਾ 2 ਅਤੇ ਨਹਮਾਯਾਹ 7 ਵਿਚ ਇਸ ਗੱਲ ਉੱਤੇ ਫ਼ਰਕ ਹੋਣ ਕਰਕੇ, ਕਈ ਸੰਸਕਰਣਾਂ ਵਿਚ ਕਿਹਾ ਗਿਆ ਹੈ ਕਿ ਹੈਕਲ ਨਾਲ ਜੁੜੇ ਕੁਝ ਲੋਕ ''ਯਰੂਸ਼ਲਮ ਵਿਚ'' ਰਹਿੰਦੇ ਸਨ। ਇਹ ਸਮਝ ਇਬਰਾਨੀ ਲਿਖਤ ਦੀ ਬਜਾਇ (ਵੇਖੋ REB; NJB) 1 ਐਸਡ੍ਰਾਸ ਦੀ ਅਪੋਕ੍ਰਿਫ਼ਾ ਵਾਲੀ ਕਿਤਾਬ ਵਿੱਚੋਂ ਲਈ ਗਈ ਹੈ; ਪਰ ਇਹ ਇਸ ਲਿਖਤ ਦੀ ਸਭ ਤੋਂ ਵਧੀਆ ਵਿਆਖਿਆ ਨਹੀਂ ਲਗਦੀ। ਇਸ ਆਇਤ ਉੱਤੇ 1 ਐਸਡ੍ਰਾਸ ਦੇ ਪਾਠ ਨੂੰ ਮੰਨਣ ਦੇ ਵਿਰੋਧ ਵਿਚ ਦਲੀਲਾਂ ਲਈ ਵੇਖੋ ਵਿਲੀਅਮਸਨ, 271–72. [14]ਸ਼ੋਵਿੱਲ, 212.